ਉੱਤਮ ਖੇਤੀ ਦੀ

ਸੁਧਰੇ ਬੀਜ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ

# ਫਸਲਾਂ ਤੇ ਸਬਜ਼ੀਆਂ ਦੇ ਸੁਧਰੇ ਬੀਜਾਂ ਦਾ ਉਤਪਾਦਨ

ਜੋਗਿੰਦਰ ਸਿੰਘ ਬਰਾੜ, ਰਜਿੰਦਰ ਸਿੰਘ, ਤਰਵਿੰਦਰ ਪਾਲ ਸਿੰਘ,
ਪਰਮਿੰਦਰ ਸਿੰਘ ਟਾਕ ਅਤੇ ਗੌਰਵ ਖੋਸਲਾ











ਨਿਰਦੇਸ਼ਕ ਬੀਜ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ

ਫੋਨ/ਫੈਕਸ 0161-2400898, 2401960-243
ਈ-ਮੇਲ directorseeds@pau.edu

# ਭਾਰਤ ਵਿੱਚ ਬੀਜ ਸਬੰਧੀ ਕਾਨੂੰਨ

ਪਿਛਲੇ ਪੰਜ ਦਹਾਕਿਆਂ ਦੌਰਾਨ ਭਾਰਤ ਨੇ ਖੇਤੀ ਵਿੱਚ ਜੋ ਤਰੱਕੀ ਕੀਤੀ ਹੈ, ਬੀਜ ਦਾ ਇਸ ਵਿੱਚ ਬਹੁਤ ਹੀ ਵਡਮੁੱਲਾ ਯੋਗਦਾਨ ਰਿਹਾ ਹੈ। ਭਾਵੇਂ ਆਉਣ ਵਾਲੇ ਸਮੇਂ ਵਿੱਚ ਅਨਾਜ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਨਵੀਆਂ ਤਕਨੀਕਾਂ ਤੇ ਨਿਰਭਰ ਹੋਣਾ ਪਵੇਗਾ ਪਰੰਤੂ ਫਿਰ ਵੀ ਬੀਜ ਦੀ ਮਹੱਤਤਾ ਨੂੰ ਅਣਦੇਖਿਆ ਨਹੀ ਕੀਤਾ ਜਾ ਸਕੇਗਾ। ਭਾਰਤ ਵਿੱਚ ਬੀਜ ਉਦਯੋਗ ਹਾਲੇ ਪੰਜਾਹ ਕੁ ਸਾਲ ਪੁਰਾਣਾ ਹੈ ਪਰ ਇੰਨੇ ਸਮੇਂ ਦੌਰਾਨ ਹੀ ਇਸ ਵਿੱਚ ਬਹੁਤ ਵਾਧਾ ਹੋਇਆ ਹੈ।

ਭਾਰਤ ਦੇ ਕਿਸਾਨਾਂ ਵਿੱਚ ਅਗਿਆਨਤਾ ਕਾਰਨ, ਸਰਕਾਰ ਦੀ ਜਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਕਿਸਾਨਾਂ ਨੂੰ ਸੁਧਰਿਆ ਬੀਜ ਉਪਲੱਬਧ ਕਰਵਾਏ। ਇਸ ਲਈ ਬੀਜ ਸਬੰਧੀ ਕਾਨੂੰਨ ਦਾ ਹੋਣਾ ਬਹੁਤ ਜਰੂਰੀ ਸੀ। ਭਾਰਤ ਵਿੱਚ ਇਹ ਕਾਨੂੰਨ ਲਾਗੂ ਕਰਨ ਵੱਲ ਪਹਿਲਾ ਕਦਮ ਰਾਸ਼ਟਰੀ ਬੀਜ ਨਿਗਮ (NSC) ਦੀ ਸਥਾਪਨਾ ਸੀ ਜੋ ਕਿ ਸੰਨ 1963 ਵਿੱਚ ਖੇਤੀਬਾੜੀ ਮੰਤਰਾਲਾ, ਭਾਰਤ ਸਰਕਾਰ ਵੱਲੋਂ ਕੀਤੀ ਗਈ। ਇਸ ਸੰਸਥਾ ਦਾ ਮੁੱਖ ਮੰਤਵ ਕਣਕ ਅਤੇ ਝੋਨੇ ਦੀਆਂ ਬੌਣੀਆਂ ਕਿਸਮਾਂ ਦੇ ਬੀਜ ਅਤੇ ਮੱਕੀ, ਬਾਜਰੇ ਅਤੇ ਚਰ੍ਹੀ ਦੇ ਦੋਗਲੇ ਬੀਜ ਪੈਦਾ ਕਰਨਾ ਸੀ। ਇਸ ਤੋਂ ਬਾਅਦ ਭਾਰਤ ਵਿੱਚ ਸਮੇਂ-ਸਮੇਂ ਤੇ ਬੀਜਾਂ ਸਬੰਧੀ ਕਈ ਕਾਨੂੰਨ ਬਣੇ। ਇਸ ਤੋਂ ਇਲਾਵਾ ਆਲ ਇੰਡੀਆ ਕੁਆਰਡੀਨੇਟੇਡ ਰਿਸਰਚ ਪ੍ਰੋਜੈਕਟ ਅਧੀਨ ਨੈਸ਼ਨਲ ਸੀਡ ਪ੍ਰੋਜੈਕਟ ਸੰਨ 1979 ਵਿੱਚ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤਾ ਗਿਆ। ਇਸ ਪ੍ਰੋਜੈਕਟ ਸਦਕਾ ਬ੍ਰੀਡਰ ਬੀਜ ਦੇ ਟੀਚੇ ਪੂਰੇ ਕਰਨੇ ਸੰਭਵ ਹੋ ਸਕੇ ਹਨ।

ਸਾਡੇ ਦੇਸ਼ ਵਿੱਚ ਸੰਨ 1966 ਵਿੱਚ ਬੀਜ ਕਾਨੂੰਨ (ਸੀਡ ਐਕਟ) ਹੋਂਦ ਵਿੱਚ ਆਇਆ ਅਤੇ 1968 ਵਿੱਚ ਸੀਡ ਰੂਲਜ਼ ਬਣੇ ਜੋ ਸੰਨ 1969 ਵਿੱਚ ਸਿੱਕਿਮ ਅਤੇ ਕਸ਼ਮੀਰ ਨੂੰ ਛੱਡ ਕੇ ਪੂਰੇ ਭਾਰਤ ਵਿੱਚ ਲਾਗੂ ਕਰ ਦਿੱਤੇ ਗਏ। ਕਿਸਾਨਾਂ ਨੂੰ ਧੋਖਾਧੜੀ ਤੋਂ ਬਚਾਉਣ ਲਈ ਅਤੇ ਡੀਲਰਾਂ ਦੀ ਲਾਇਸੈਂਸਿੰਗ ਲਾਜਮੀ ਬਣਾਉਣ ਲਈ 1983 ਵਿੱਚ ਸੀਡ ਕੰਟ੍ਰੋਲ ਆਰਡਰ ਲਾਗੂ ਕੀਤਾ ਗਿਆ। ਕਾਨੂੰਨ ਨੂੰ ਸਖਤੀ ਨਾਲ ਲਾਗੂ ਕਰਵਾਉਣ ਲਈ ਬੀਜ ਨੂੰ ਅਸੈਂਸ਼ਿਅਲ ਕਮੋਡਿਟੀ ਐਕਟ, 1955 ਦੇ ਅਧੀਨ ਲਿਆਂਦਾ ਗਿਆ। ਸੰਨ 1995 ਵਿੱਚ ਭਾਰਤ ਵੱਲੋਂ ਡਬਲਯੂ ਟੀ ਓ (WTO) ਸਮਝੌਤੇ ਨੂੰ ਮੰਜੂਰੀ ਦੇ ਦਿੱਤੀ ਗਈ, ਜਿਸ ਨਾਲ ਗੈਰ ਸਰਕਾਰੀ ਅਦਾਰਿਆਂ ਵੱਲੋਂ ਖੋਜ ਕਰਨ ਅਤੇ ਫਸਲਾਂ ਦੀਆਂ ਨਵੀਆਂ ਕਿਸਮਾਂ ਪੈਦਾ ਕਰਨ ਲਈ ਰਸਤਾ ਖੁੱਲ ਗਿਆ। ਇਨ੍ਹਾਂ ਕਿਸਮਾਂ ਦੀ ਜਾਂਚ ਪੜਤਾਲ ਲਈ ਪੌਦ ਕਿਸਮ ਅਤੇ ਕਿਸਾਨ ਅਧਿਕਾਰ ਸੁਰੱਖਿਆ ਐਕਟ ਸੰਨ 2001 ਵਿੱਚ ਬਣਾਇਆ ਗਿਆ। ਇਸ ਤੋਂ ਬਾਅਦ ਨੈਸ਼ਨਲ ਸੀਡ ਪਾਲਿਸੀ ਹੋਂਦ ਵਿੱਚ ਆਈ ਅਤੇ ਸੀਡ ਬਿਲ 2004 ਪੇਸ਼ ਕੀਤਾ ਗਿਆ। ਇਸ ਉਪਰੰਤ ਸੀਡ ਬਿਲ 2010 ਤਿਆਰ ਕੀਤਾ ਗਿਆ ਜੋ ਕਿ ਹਾਲੇ ਵਿਚਾਰ ਅਧੀਨ ਹੈ। ਬੀਜਾਂ ਸਬੰਧੀ ਇਨ੍ਹਾਂ ਨਿਯਮਾਂ ਅਤੇ ਕਾਨੂੰਨਾਂ ਦੀ ਸੰਖੇਪ ਵਿੱਚ ਜਾਣਕਾਰੀ ਇਸ ਪ੍ਰਕਾਰ ਹੈ:

**ਸੀਡ ਐਕਟ** 1966 **ਅਤੇ ਸੀਡ ਰੂਲਜ਼** 1968: ਸੀਡ ਐਕਟ ਅਤੇ ਸੀਡ ਰੂਲਜ਼

ਰਾਹੀਂ ਫਸਲਾਂ ਦੀਆਂ ਨੋਟੀਫਾਈਡ ਕਿਸਮਾਂ ਦੇ ਬੀਜਾਂ ਦੀ ਗੁਣਵੱਤਾ ਅਤੇ ਪ੍ਰਮਾਣੀਕਰਨ ਸਬੰਧੀ ਮਿਆਰ ਨਿਰਧਾਰਿਤ ਕੀਤੇ ਗਏ। ਇਨ੍ਹਾਂ ਦੇ ਤਹਿਤ ਕੇਂਦਰੀ ਬੀਜ ਕਮੇਟੀ, ਕੇਂਦਰੀ ਬੀਜ ਪ੍ਰਮਾਣੀਕਰਨ ਬੋਰਡ ਅਤੇ ਇਸ ਦੀਆਂ ਸਬ-ਕਮੇਟੀਆਂ, ਬੀਜ ਪ੍ਰਮਾਣੀਕਰਣ ਏਜੈਂਸੀਆਂ, ਬੀਜ ਪ੍ਰੀਖਣ ਪ੍ਰਯੋਗਸ਼ਾਲਾਵਾਂ ਆਦਿ ਦੀ ਸਥਾਪਨਾ ਕਰਨ ਦੇ ਪ੍ਰਬੰਧ ਵੀ ਕੀਤੇ ਗਏ। ਬੀਜਾਂ ਦੀ ਗੁਣਵੱਤਾ ਨੂੰ ਸੁਧਾਰਣ ਲਈ ਮੰਡੀਕਰਨ ਤੋਂ ਪਹਿਲਾਂ ਅਤੇ ਬਾਅਦ ਬੀਜਾਂ ਦਾ ਨਿਰੀਖਣ ਕਰਣ, ਬੀਜਾਂ ਦਾ ਪ੍ਰਮਾਣੀਕਰਨ, ਬੀਜਾਂ ਦੀ ਪੈਕਿੰਗ ਅਤੇ ਲੇਬਲ ਲਾਉਣ ਸਬੰਧੀ ਜਰੂਰੀ ਦਿਸ਼ਾਨਿਰਦੇਸ਼ ਸੀਡ ਐਕਟ ਵਿੱਚ ਦਿੱਤੇ ਗਏ ਹਨ। ਕਿਸਮਾਂ ਦੀ ਨੋਟੀਫੀਕੇਸ਼ਨ ਸਬੰਧੀ ਜਾਣਕਾਰੀ ਸੀਡ ਐਕਟ ਦੇ ਸੈਕਸ਼ਨ 6 ਅਧੀਨ, ਉੱਗਣਸ਼ਕਤੀ, ਸ਼ੁੱਧਤਾ ਬਾਰੇ ਸੈਕਸ਼ਨ 6 (ਏ) ਅਧੀਨ ਅਤੇ ਬੀਜਾਂ ਦੇ ਰੰਗ, ਅਕਾਰ ਅਤੇ ਲੇਬਲ ਵਿੱਚ ਕੀ ਕੁਝ ਲਿਖਣਾ ਹੈ, ਇਸ ਬਾਰੇ ਜਾਣਕਾਰੀ ਸੈਕਸ਼ਨ 6(ਬੀ) ਅਧੀਨ ਦਿੱਤੀ ਗਈ ਹੈ।

**ਸੀਡ (ਕੰਟਰੋਲ) ਆਰਡਰ** (1983): ਭੋਜਨ ਅਤੇ ਆਪੂਰਤੀ ਮੰਤਰਾਲਾ, ਭਾਰਤ ਸਰਕਾਰ ਵੱਲੋਂ 1983 ਵਿੱਚ ਫਸਲਾਂ, ਸਬਜੀਆਂ, ਫਲਾਂ, ਚਾਰੇ ਵਾਲੀਆਂ ਫਸਲਾਂ ਅਤੇ ਜੂਟ ਦੀ ਬਿਜਾਈ ਲਈ ਵਰਤੇ ਜਾਣ ਵਾਲੇ ਬੀਜਾਂ ਨੂੰ ਅਸੈਂਸ਼ਿਅਲ ਕਮੋਡਿਟੀ ਐਕਟ, 1955 ਵਿੱਚ ਸ਼ਾਮਿਲ ਕੀਤਾ ਗਿਆ। ਮਿਤੀ 1 ਜੁਲਾਈ, 1994 ਤੋਂ ਇਹ ਕਾਨੂੰਨ ਭਾਰਤ ਦੇ ਸਾਰੇ ਰਾਜਾਂ ਵਿੱਚ ਲਾਗੂ ਕੀਤਾ ਗਿਆ। ਜੁਆਇੰਟ ਡਾਇਰੈਕਟਰ, ਖੇਤੀਬਾੜੀ ਮੰਤਰਾਲਾ, ਭਾਰਤ ਸਰਕਾਰ ਨੂੰ ਸੀਡ ਆਡਰ ਲਾਗੂ ਕਰਨ ਲਈ ਸੀਡ ਕੰਟਰੋਲਰ ਵਜੋਂ ਨਿਯੁਕਤ ਕੀਤਾ ਗਿਆ। ਇਸ ਆਰਡਰ ਅਨੁਸਾਰ ਹਰ ਬੀਜ ਡੀਲਰ ਨੂੰ ਜੋ ਬੀਜ ਵੇਚਦਾ, ਅਯਾਤ ਜਾਂ ਨਿਰਯਾਤ ਕਰਦਾ ਹੈ, ਆਪਣਾ ਕੰਮ ਲਾਇਸੈਂਸ ਵਿੱਚ ਲਿਖੀਆਂ ਸ਼ਰਤਾਂ ਅਨੁਸਾਰ ਹੀ ਕਰਨਾ ਪਵੇਗਾ। ਇਸ ਤੋਂ ਇਲਾਵਾ ਡੀਲਰਾਂ ਨੂੰ ਬੀਜ ਦਾ ਸਾਰਾ ਹਿਸਾਬ ਕਿਤਾਬ ਵੀ ਰੱਖਣਾ ਹੋਵੇਗਾ।

**ਪੌਦ ਕਿਸਮ ਅਤੇ ਕਿਸਾਨ ਅਧਿਕਾਰ ਸੁਰੱਖਿਆ ਐਕਟ** 2001: ਪੌਦਿਆਂ ਦੀਆਂ ਪ੍ਰਚਲੱਤ ਅਤੇ ਨਵੀਆਂ ਕਿਸਮਾਂ ਦੇ ਵਿਕਾਸ ਲਈ, ਇਨ੍ਹਾਂ ਨਾਲ ਸਬੰਧਤ ਕਿਸਾਨਾਂ ਅਤੇ ਬਰੀਡਰਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਇੱਕ ਸ਼ਕਤੀਸ਼ਾਲੀ ਪ੍ਰਣਾਲੀ ਦੀ ਸਥਾਪਨਾ ਕਰਨੀ ਜਰੂਰੀ ਸਮਝੀ ਗਈ। ਇਹ ਵੀ ਮਹਿਸੂਸ ਕੀਤਾ ਗਿਆ ਕਿ ਪੌਦਿਆਂ ਦੀਆਂ ਨਵੀਆਂ ਕਿਸਮਾਂ ਦੇ ਵਿਕਾਸ, ਸੁਧਾਰ ਅਤੇ ਉਨ੍ਹਾਂ ਨੂੰ ਉਪਲੱਬਧ ਕਰਾਉਣ ਲਈ, ਕਿਸਾਨਾਂ ਜਾਂ ਪੌਦਾ ਬਰੀਡਰ/ ਸੰਸਥਾਨਾਂ ਦੁਆਰਾ ਕਿਸੇ ਵੀ ਸਮੇਂ ਜਰਮਪਲਾਜ਼ਮ ਦੀ ਸਾਂਭ ਸੰਭਾਲ ਲਈ ਪਾਏ ਯੋਗਦਾਨ ਨੂੰ ਵੀ ਮਾਨਤਾ ਦਿੱਤੀ ਜਾਵੇ। ਇਸ ਮੰਤਵ ਨਾਲ ਭਾਰਤ ਸਰਕਾਰ ਨੇ ਪੌਦ ਕਿਸਮ ਅਤੇ ਕਿਸਾਨ ਅਧਿਕਾਰ ਸੁਰੱਖਿਆ ਐਕਟ (PPV & FRA) 2001 ਨੂੰ ਲਾਗੂ ਕੀਤਾ। ਭਾਰਤੀ ਵਿਧਾਨ, ਪੌਦਿਆਂ ਦੀਆਂ ਨਵੀਆਂ ਕਿਸਮਾਂ ਦੀ ਸੁਰੱਖਿਆ ਲਈ ਅੰਤਰ ਰਾਸ਼ਟਰੀ ਯੂਨੀਅਨ ਯੂ.ਪੀ.ਓ.ਵੀ. (UPOV) 1978 ਦੇ ਅਨੁਸਾਰ ਹੈ ਅਤੇ ਇਸ ਵਿੱਚ ਸਾਰਵਜਨਿਕ ਖੇਤਰ ਦੇ ਬਰੀਡਰ, ਸੰਸਥਾਨਾਂ ਅਤੇ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਯੋਗ ਕਾਰਵਾਈ ਕਰਨ ਦੇ ਪ੍ਰਬੰਧ ਕੀਤੇ ਗਏ ਹਨ। ਇਹ ਐਕਟ ਵਪਾਰਕ ਪੌਦਾ ਬਰੀਡਰਾਂ ਅਤੇ ਕਿਸਾਨਾਂ ਦੀ ਪੌਦਾ ਬਰੀਡਿੰਗ ਕਿਰਿਆ ਸਬੰਧੀ ਯੋਗਦਾਨ ਨੂੰ ਮਾਨਤਾ ਪ੍ਰਦਾਨ

ਕਰਦਾ ਹੈ।

### ਐਕਟ ਦੇ ਉਦੇਸ਼

- ਪੌਦਿਆਂ ਦੀਆਂ ਕਿਸਮਾਂ ਦੀ ਸੁਰੱਖਿਆ ਲਈ ਪ੍ਰਭਾਵਸ਼ਾਲੀ ਪ੍ਰਣਾਲੀ ਪ੍ਰਦਾਨ ਕਰਨਾ।
- ਕਿਸਾਨਾਂ ਅਤੇ ਪੌਦ ਪ੍ਰਜਨਣ ਕਰਤਾ ਨੂੰ ਉਨ੍ਹਾਂ ਦੇ ਅਧਿਕਾਰ ਪ੍ਰਦਾਨ ਕਰਨਾ ਜਿਨ੍ਹਾਂ ਨੇ ਪੌਦ ਸਮੱਗਰੀ ਨੂੰ ਕਈ ਸਾਲਾਂ ਤੋਂ ਸੰਭਾਲਿਆ ਅਤੇ ਸੁਧਾਰਿਆ।
- ਬੀਜ ਉਦਯੋਗ ਨੂੰ ਪ੍ਰਫੁਲਿਤ ਕਰਨਾ, ਖੋਜ ਅਤੇ ਉਸ ਦੇ ਵਾਧੇ ਲਈ ਨਿੱਜੀ ਕੰਪਨੀਆਂ ਨੂੰ ਨਿਵੇਸ਼ ਲਈ ਉਤਸ਼ਾਹਿਤ ਕਰਨਾ।
- ਕਿਸਾਨਾਂ ਨੂੰ ਸੁਧਰੀਆਂ ਕਿਸਮਾਂ ਦਾ ਵਧੀਆ ਬੀਜ ਅਤੇ ਪੌਦ ਸਮੱਗਰੀ ਉੱਪਲਬਧ ਕਰਵਾਉਣਾ।

### ਐਕਟ ਦੇ ਅਨੁਸਾਰ ਕਿਸਾਨਾਂ ਦੇ ਅਧਿਕਾਰ

- ਇਸ ਐਕਟ ਦੇ ਅਧੀਨ ਕਿਸਾਨ ਨੂੰ ਅਧਿਕਾਰ ਹੈ ਕਿ ਉਹ ਪੰਜੀਕ੍ਰਿਤ ਕਿਸਮ ਦੇ ਬੀਜ ਵਰਤ ਸਕਦਾ ਹੈ, ਬੀਜ ਭੰਡਾਰ ਕਰ ਸਕਦਾ ਹੈ, ਦੂਸਰੇ ਕਿਸਾਨਾਂ ਨਾਲ ਬੀਜ ਦੀ ਅਦਲਾ-ਬਦਲੀ ਕਰ ਸਕਦਾ ਹੈ, ਆਪਣੀ ਉਪਜ ਨੂੰ ਮੰਡੀ ਵਿੱਚ ਜਾਂ ਬੀਜ ਦੇ ਤੌਰ ਤੇ ਵੇਚ ਸਕਦਾ ਹੈ ਪਰ ਇਹ ਕਿਸਮ ਨੂੰ ਪੰਜੀਕ੍ਰਿਤ (Branded) ਨਾਮ ਨਾਲ ਨਹੀਂ ਵੇਚ ਸਕਦਾ।
- ਜੇ ਪੰਜੀਕ੍ਰਿਤ ਕਿਸਮ ਤੋਂ ਪ੍ਰਜਨਣ ਕਰਤਾ ਦੁਆਰਾ ਦੱਸੇ ਗਏ ਖਾਸ ਖੇਤਰ ਵਿੱਚ ਚੰਗੇ ਨਤੀਜੇ ਨਾ ਆਉਣ ਤਾਂ ਉਸ ਸੂਰਤ ਵਿੱਚ ਕਿਸਾਨ ਮੁਆਵਜੇ ਦੀ ਮੰਗ ਕਰ ਸਕਦਾ ਹੈ।
- ਕਿਸਾਨ ਫ਼ਸਲ ਦੀ ਨਵੀਂ ਕਿਸਮ ਬਣਾ ਸਕਦਾ ਹੈ ਅਤੇ ਉਸ ਨੂੰ ਇਕ ਪ੍ਰਜਨਣ ਕਰਤਾ ਵਾਂਗ ਹੀ ਪੰਜੀਕ੍ਰਿਤ ਕਰਵਾ ਸਕਦਾ ਹੈ।
- ਕਿਸਾਨ ਨੂੰ ਆਪਣੀ ਪੌਦ ਕਿਸਮ ਪੰਜੀਕ੍ਰਿਤ ਕਰਵਾਉਣ ਲਈ ਕੋਈ ਵੀ ਫੀਸ ਨਹੀਂ ਦੇਣੀ ਪਵੇਗੀ।
- ਜੋ ਕਿਸਾਨ ਪੌਦਾ ਅਨੁਵੰਸ਼ਿਕ ਸੰਸਾਧਨ ਸਾਂਭਦਾ ਹੈ, ਜਿਸ ਤੋਂ ਨਵੀਆਂ ਕਿਸਮਾਂ ਬਣਦੀਆਂ ਹਨ, ਉਹ 'ਜੀਨ ਫੰਡ' ਤੋਂ ਲਾਭ ਦਾ ਹੱਕਦਾਰ ਹੈ।

**ਸੀਡ ਬਿਲ** 2004: ਸੀਡ ਪਾਲਿਸੀ ਰਿਵਊ ਗਰੁੱਪ ਦੀਆਂ ਸਿਫਾਰਸ਼ਾਂ ਅਤੇ ਬੀਜ ਮਾਹਿਰਾਂ ਦੀ ਸਲਾਹ ਨਾਲ ਸੀਡ ਬਿਲ 2004 ਦੀ ਰੂਪਰੇਖਾ ਤਿਆਰ ਕੀਤੀ ਗਈ। ਇਸ ਬਿਲ ਦੇ ਮੱਖ ਅੰਸ਼ ਇਸ ਪ੍ਰਕਾਰ ਹਨ:

- ਫਸਲਾਂ ਦੀਆਂ ਕਿਸਮਾਂ ਦੀ ਜਰੂਰੀ ਰਜਿਸਟ੍ਰੇਸ਼ਨ।
- ਜਿਹੜੀਆਂ ਕਿਸਮਾਂ ਪਹਿਲਾਂ ਹੀ ਬਜਾਰ ਵਿੱਚ ਹਨ, ਉਨ੍ਹਾਂ ਦੀ ਇੱਕ ਮਿੱਥੇ ਸਮੇਂ ਵਿੱਚ ਰਜਿਸਟ੍ਰੇਸ਼ਨ ਕਰਵਾਈ ਜਾਵੇ।
- ਸੀਡ ਪ੍ਰੋਸੈਸਿੰਗ ਪਲਾਟਾਂ ਦੀ ਰਜਿਸਟ੍ਰੇਸ਼ਨ ਜਰੂਰੀ ਕੀਤੀ ਜਾਵੇ।
- ਜਿਹੜਾ ਬੀਜ ਕਿਸਾਨਾਂ ਨੂੰ ਵੇਚਿਆ ਜਾ ਰਿਹਾ ਹੈ, ਉਸਦੀ ਦਿੱਤੀਆਂ ਹੋਈਆਂ ਹਾਲਤਾਂ ਵਿੱਚ ਔਸਤ ਪ੍ਰਦਰਸ਼ਨ ਬਾਰੇ ਜਾਣਕਾਰੀ ਦੇਣੀ ਜਰੂਰੀ ਹੋਵੇਗੀ। ਜੇ ਉਹ ਬੀਜ ਦਿੱਤੀਆਂ ਹੋਈਆਂ ਹਾਲਤਾਂ ਵਿੱਚ ਇਸ ਪੱਧਰ ਤੇ ਖਰਾ ਨਹੀਂ ਉਤੱਰਦਾ

# ਕਣਕ ਦੇ ਪ੍ਰਮਾਣਿਤ ਬੀਜ ਦਾ ਉਤਪਾਦਨ

ਕਣਕ ਭਾਰਤ ਵਿੱਚ ਉਗਾਈ ਜਾਣ ਵਾਲੀ ਅਨਾਜ ਦੀ ਦੂਜੀ ਮੁੱਖ ਫਸਲ ਹੈ। ਭਾਰਤ ਦੁਨੀਆਂ ਵਿਚ ਕਣਕ ਪੈਦਾ ਕਰਨ ਵਾਲਾ ਦੂਜਾ ਸਭ ਤੋਂ ਵੱਡਾ ਦੇਸ਼ ਹੈ। ਭਾਰਤ ਵਿਚ ਕਣਕ ਤਿੰਨ ਕਰੋੜ ਹੈਕਟੇਅਰ ਰਕਬੇ ਵਿਚ ਉਗਾਈ ਜਾਂਦੀ ਹੈ ਅਤੇ ਇਸ ਦੀ ਬਿਜਾਈ ਲਈ 30 ਲੱਖ ਟਨ ਬੀਜ ਦੀ ਜਰੂਰਤ ਪੈਂਦੀ ਹੈ। ਕੁੱਲ ਉਤਪਾਦਿਤ ਬੀਜ ਦਾ ਲਗਭਗ 35% ਸਿਰਫ ਕਣਕ ਦਾ ਬੀਜ ਹੀ ਹੁੰਦਾ ਹੈ। ਕਣਕ ਦਾ ਬੀਜ ਘੱਟ ਕੀਮਤ ਵਾਲਾ ਅਤੇ ਜਿਆਦਾ ਜਗ੍ਹਾ ਘੇਰਨ ਵਾਲਾ ਹੋਣ ਕਰਕੇ ਇਸ ਦਾ ਉਤਪਾਦਨ ਆਮ ਤੌਰ ਤੇ ਸਰਕਾਰ ਵੱਲੋ ਦਿੱਤੀ ਜਾਣ ਵਾਲੀ ਸਬਸਿਡੀ ਦੇ ਪ੍ਰੋਗਰਾਮਾਂ ਅਧੀਨ ਕਰਵਾਇਆ ਜਾਂਦਾ ਹੈ। ਘੱਟ ਕੀਮਤ ਵਾਲਾ ਹੋਣ ਕਰਕੇ, ਬੀਜ ਉਤਪਾਦਕ ਕਣਕ ਦੇ ਬੀਜ ਦੀ ਪੈਦਾਵਾਰ ਨੂੰ ਪੂਰੀ ਮਹੱਤਤਾ ਨਹੀਂ ਦਿੰਦੇ। ਕਿਉਂਕਿ ਇਹ ਸਵੈ-ਪਰਾਗਣ ਵਾਲੀ ਫਸਲ ਹੈ ਇਸ ਲਈ ਕਈ ਕਿਸਾਨ ਵੀਰ ਦਾਣਿਆਂ ਵਾਲੀ ਫਸਲ ਨੂੰ ਬੀਜ ਦੇ ਤੌਰ ਤੇ ਵਰਤ ਲੈਂਦੇ ਹਨ। ਉੱਚ ਉਤਪਾਦਨ ਵਾਸਤੇ ਚੰਗੇ ਬੀਜ ਦਾ ਹੋਣਾ ਮੁੱਢਲੀ ਜਰੂਰਤ ਹੈ। ਚੰਗੇ ਬੀਜ ਤੋ ਭਾਵ ਹੈ ਕਿ ਬੀਜ ਸੁਧਰੀ ਕਿਸਮ ਦਾ ਹੋਵੇ, ਨਸਲੀ ਅਤੇ ਭੌਤਿਕ ਸ਼ੁੱਧਤਾ ਵਾਲਾ, ਚੰਗੀ ਉਗਣ ਸ਼ਕਤੀ ਵਾਲਾ, ਨਦੀਨਾਂ ਅਤੇ ਬੀਜ ਦੀਆਂ ਬਿਮਾਰੀਆਂ ਤੋਂ ਰਹਿਤ ਹੋਵੇ। ਬੀਜ ਵਿਚ ਨਮੀ ਦੀ ਮਾਤਰਾ ਘੱਟ ਹੋਣੀ ਚਾਹੀਦੀ ਹੈ ਅਤੇ ਬੀਜ ਇਕਸਾਰ ਹੋਣਾ ਚਾਹੀਦਾ ਹੈ।

ਬੀਜ ਦੀ ਪ੍ਰਾਪਤੀ: ਬੀਜ ਉਤਪਾਦਨ ਲਈ ਮੁੱਢਲੀ ਸ਼੍ਰੇਣੀ ਦਾ (ਫਾਂਊਡੇਸ਼ਨ) ਬੀਜ ਵਰਤੋ। ਬੀਜ ਕਿਸੇ ਸਰਕਾਰੀ, ਅਰਧ ਸਰਕਾਰੀ ਜਾਂ ਭਰੋਸੇਮੰਦ ਅਦਾਰੇ ਤੋਂ ਹੀ ਖਰੀਦੋ। ਬੀਜ ਖਰੀਦਣ ਲੱਗਿਆਂ ਬੀਜ ਦੀ ਸ਼੍ਰੇਣੀ ਦੇਖ ਕੇ ਖਰੀਦੋ ਅਤੇ ਬੀਜ ਦੀ ਉੱਗਣ ਸ਼ਕਤੀ ਦੀ ਪਰਖ ਰਿਪੋਰਟ ਅਤੇ ਉਤਪਾਦਨ ਸਾਲ ਬਾਰੇ ਜਾਣਕਾਰੀ ਜਰੂਰ ਲਓ। ਮੁੱਢਲੇ ਬੀਜ ਦੀ ਪ੍ਰਾਪਤੀ ਤੋਂ ਬਾਅਦ ਪੰਜਾਬ ਸਟੇਟ ਸੀਡ ਸਰਟੀਫਿਕੇਸ਼ਨ ਅਥਾਰਟੀ (ਬੀਜ ਪ੍ਰਮਾਣਣ ਸੰਸਥਾ) ਦੇ ਖੇਤਰੀ ਦਫਤਰ ਨਾਲ ਸੰਪਰਕ ਕੀਤਾ ਜਾਂਦਾ ਹੈ ਅਤੇ ਬੀਜ ਉਤਪਾਦਨ ਵਾਲੇ ਰਕਬੇ ਦਾ ਪੰਜੀਕਰਣ ਕਰਵਾ ਲਿਆ ਜਾਂਦਾ ਹੈ। ਪੰਜੀਕਰਣ ਸਮੇਂ ਮੁੱਢਲੇ ਬੀਜ ਦਾ ਬਿੱਲ ਅਤੇ ਬੋਰੀਆਂ ਉਪਰ ਲੱਗੇ ਟੈਗ ਆਦਿ ਦੇਖੇ ਜਾਂਦੇ ਹਨ ਤਾਂ ਕਿ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਵਰਤੇ ਜਾਣ ਵਾਲਾ ਬੀਜ ਵਾਕਿਆ ਹੀ ਮੁੱਢਲਾ ਹੈ।ਪੰਜੀਕਰਣ ਵਾਸਤੇ ਨਿਸਚਿਤ ਅਰਜੀ ਫੀਸ ਅਤੇ ਨਿਰੀਖਣ ਫੀਸ ਜਮ੍ਹਾਂ ਕਰਵਾਉਣੀ ਪੈਂਦੀ ਹੈ।ਕਿਸੇ ਇਕ ਫਾਰਮ ਤੇ ਇਕੋ ਕਿਸਮ ਬੀਜੀ ਜਾਣੀ ਚਾਹੀਦੀ ਹੈ ਅਤੇ ਜੇ ਇੱਕ ਤੋਂ ਜਿਆਦਾ ਕਿਸਮਾਂ ਦੀ ਬਿਜਾਈ ਕਰਨੀ ਹੋਵੇ ਤਾਂ ਇਸ ਦੀ ਮੰਜੂਰੀ ਪ੍ਰਮਾਣੀਕਰਣ ਏਜੰਸੀ ਤੋਂ ਅਗਾਊਂ ਲਈ ਹੋਣੀ ਚਾਹੀਦੀ ਹੈ।

ਬੀਜ ਦੀ ਸੋਧ: ਬੀਜਾਂ ਦੇ ਰਾਹੀਂ ਬਹੁਤ ਸਾਰੀਆਂ ਬਿਮਾਰੀਆਂ ਫੈਲਦੀਆਂ ਹਨ, ਜਿਵੇਂ ਕਿ ਸਿੱਟੇ ਦੀ ਕਾਂਗਿਆਰੀ, ਪੱਤਿਆਂ ਦੀ ਕਾਂਗਿਆਰੀ ਅਤੇ ਦਾਣਿਆਂ ਦੀ ਕਾਲੀ ਨੋਕ। ਇਸ ਲਈ ਬੀਜਣ ਤੋ ਪਹਿਲਾਂ ਬੀਜ ਦੀ ਸੋਧ ਕਰਨੀ ਜਰੂਰੀ ਹੈ। ਕਣਕ ਦੀਆਂ ਸਾਰੀਆਂ ਕਿਸਮਾਂ (ਵਡਾਣਕ ਕਣਕ ਨੂੰ ਛੱਡ ਕੇ) ਦੇ ਬੀਜ ਨੂੰ ਵੀਟਾਵੈਕਸ ਪਾਵਰ 3 ਗ੍ਰਾਮ ਜਾਂ ਵੀਟਾਵੈਕਸ 2 ਗ੍ਰਾਮ ਜਾਂ ਰੈਕਸਲ ਇੱਕ ਗ੍ਰਾਮ ਪ੍ਰਤੀ ਕਿਲੋ ਬੀਜ ਜਾਂ ਬਾਵਿਸਟਨ/ ਐਗਰੋਜਿਮ/ ਡੈਰੋਸਲ/ ਜੇ ਕੇ ਸਟੀਨ/

ਪਾਲਣਾ ਨੂੰ ਯਕੀਨੀ ਬਣਾਉਣਾ ਬਹੁਤ ਜਰੂਰੀ ਹੈ। ਇਸ ਲਈ ਭਾਰਤ ਸਰਕਾਰ ਵੱਲੋਂ ਸੀਡ ਐਕਟ, ਸੀਡ ਰੂਲਜ਼, ਸੀਡ (ਕੰਟਰੋਲ) ਆਰਡਰ, ਨੈਸ਼ਨਲ ਸੀਡ ਪਾਲਿਸੀ, ਪੌਦ ਕਿਸਮ ਅਤੇ ਕਿਸਾਨ ਅਧਿਕਾਰ ਸੁਰੱਖਿਆ ਐਕਟ ਬਣਾਏ ਗਏ। ਇਨ੍ਹਾਂ ਕਾਨੂੰਨਾਂ ਰਾਹੀਂ ਇਹ ਯਕੀਨੀ ਬਣਾਇਆ ਜਾਣਾ ਹੈ ਕਿ ਬੀਜ ਦੀ ਪੈਦਾਵਾਰ, ਪ੍ਰੋਸੈਸਿੰਗ, ਲੇਬਲ ਲਾਉਣ ਅਤੇ ਮੰਡੀਕਰਨ ਤੱਕ ਬੀਜ ਦੀ ਗੁਣਵੱਤਾ ਬਣੀ ਰਹੇ ਅਤੇ ਕਿਸਾਨਾਂ ਨੂੰ ਵਧੀਆ ਕੁਆਲਿਟੀ ਦਾ ਬੀਜ ਮਿਲੇ। ਇਸ ਲਈ ਇਹ ਬਹੁਤ ਹੀ ਜਰੂਰੀ ਹੋ ਜਾਂਦਾ ਹੈ ਕਿ ਇਨ੍ਹਾਂ ਕਾਨੂੰਨਾਂ ਦੀ ਜਾਣਕਾਰੀ ਆਮ ਕਿਸਾਨਾਂ ਤੱਕ ਪਹੁੰਚੇ ਤਾਂ ਜੋ ਉਹ ਆਪਣੇ ਹੱਕਾਂ ਪ੍ਰਤੀ ਜਾਗਰੁਕ ਰਹਿਣ।

**ਸੁਧਰੇ ਬੀਜ:** ਸੁਧਰੇ ਬੀਜ ਖਾਸ ਵਿਧੀ ਨਾਲ ਕੇਂਦਰੀ ਬੀਜ ਪ੍ਰਮਾਣਨ ਸੰਸਥਾ ਦੁਆਰਾ ਮਿੱਥੇ ਗਏ ਮਾਪਦੰਡਾਂ ਦੇ ਅਧਾਰ ਤੇ ਪੈਦਾ ਕੀਤੇ ਜਾਂਦੇ ਹਨ। ਸੁਧਰੇ ਬੀਜ ਵਿੱਚ ਹੇਠ ਲਿਖੇ ਗੁਣ ਹੋਣੇ ਚਾਹੀਦੇ ਹਨ:

- ਨਿਸ਼ਚਿਤ ਸ਼ੁੱਧਤਾ ਅਤੇ ਵਿਲੱਖਣਤਾ
- ਸਹੀ ਉੱਗਣ ਸ਼ਕਤੀ ਅਤੇ ਨਮੀ
- ਬਿਮਾਰੀਆਂ ਅਤੇ ਨਦੀਨਾਂ ਤੋਂ ਮੁਕਤ

**ਸੁਧਰੇ ਬੀਜਾਂ ਦੀ ਮਹੱਤਤਾ:** ਸੁਧਰੇ ਬੀਜ ਵਧੇਰੇ ਉੱਗਣ ਸ਼ਕਤੀ ਵਾਲੇ, ਰੋਗ ਰਹਿਤ ਅਤੇ ਨਦੀਨਾਂ ਦੇ ਬੀਜਾਂ ਤੋਂ ਰਹਿਤ ਹੁੰਦੇ ਹਨ। ਇਹ ਖੁਰਾਕੀ ਤੱਤਾਂ ਨਾਲ ਭਰਪੂਰ ਹੁੰਦੇ ਹਨ, ਜਿਸ ਕਰਕੇ ਫਸਲ ਦਾ ਵਾਧਾ ਤੇਜ ਅਤੇ ਇਕਸਾਰ ਹੁੰਦਾ ਹੈ। ਖੇਤੀ ਵਿਗਿਆਨੀਆਂ ਦੇ ਤਜ਼ਰਬਿਆਂ ਤੋਂ ਇਹ ਸਾਬਤ ਹੋਇਆ ਹੈ ਕਿ ਸੁਧਰੇ ਬੀਜ ਬੀਜਣ ਨਾਲ ਉਪਜ ਵਿੱਚ 15-20% ਤੱਕ ਵਾਧਾ ਹੋ ਸਕਦਾ ਹੈ।

ਬੀਜ ਪੈਦਾ ਕਰਨ ਲਈ ਕਿਸਮ ਦੀ ਚੋਣ ਕਰਨ ਵੇਲੇ ਧਿਆਨ ਦੇਣਾ ਚਾਹੀਦਾ ਹੈ ਕਿ ਉਹ ਕਿਸਮ ਪ੍ਰਮਾਣਤ ਹੋਵੇ। ਉਹ ਕਿਸਮ ਉਸ ਇਲਾਕੇ ਵਿੱਚ ਵਧੀਆ ਝਾੜ ਦੇਂਦੀ ਹੋਵੇ ਅਤੇ ਉਸ ਕਿਸਮ ਵਿੱਚ ਹੋਰ ਗੁਣ ਜਿਵੇਂ ਬਿਮਾਰੀਆਂ ਤੋਂ ਬਚਾਅ, ਅਗੇਤੀ, ਵਧੀਆ ਕੁਆਲਿਟੀ ਆਦਿ ਵੀ ਹੋਵੇ।

**ਬੀਜਾਂ ਦੀਆਂ ਸ਼੍ਰੇਣੀਆਂ**

**ਨਸਲੀ (ਬਰੀਡਰ ਬੀਜ):-** ਇਹ ਬੀਜ ਮੁੱਢਲੇ ਬੀਜ ਤੋਂ ਤਿਆਰ ਕੀਤਾ ਜਾਂਦਾ ਹੈ। ਇਹ ਸ਼੍ਰੇਣੀ, ਬੀਜ ਉਤਪਾਦਨ ਦਾ ਆਧਾਰ ਹੈ। ਇਸ ਬੀਜ ਦੀ ਪੈਦਾਵਾਰ ਵਿਗਿਆਨੀਆਂ ਦੀ ਸਿੱਧੀ ਦੇਖ-ਰੇਖ ਹੇਠਾਂ ਕੀਤੀ ਜਾਂਦੀ ਹੈ ਅਤੇ ਬੀਜ ਇਕ ਉੱਚ-ਪੱਧਰੀ ਕਮੇਟੀ (ਮੋਨੀਟਰਿੰਗ ਟੀਮ) ਦੁਆਰਾ ਨਿਰੀਖਣ ਕਰਕੇ ਪਾਸ ਕੀਤਾ ਜਾਂਦਾ ਹੈ। ਟੈਗ ਦਾ ਰੰਗ ਸੁਨਹਿਰੀ ਹੁੰਦਾ ਹੈ।

**ਆਧਾਰ (ਫਾਂਊਡੇਸ਼ਨ ਬੀਜ):-** ਇਹ ਬੀਜ ਬਰੀਡਰ ਬੀਜ ਤੋਂ ਰਾਜ ਬੀਜ ਪ੍ਰਮਾਣਨ ਸੰਸਥਾ ਦੀ ਨਿਗਰਾਨੀ ਹੇਠ ਤਿਆਰ ਕੀਤਾ ਜਾਂਦਾ ਹੈ। ਬੀਜ ਦਾ ਉਤਪਾਦਨ ਇਸ ਤਰਾਂ ਕੀਤਾ ਜਾਂਦਾ ਹੈ ਕਿ ਇਸਦੇ ਨਸਲੀ ਗੁਣ ਅਤੇ ਸ਼ੁੱਧਤਾ ਕਾਇਮ ਰਹੇ। ਟੈਗ ਦਾ ਰੰਗ ਚਿੱਟਾ ਹੁੰਦਾ ਹੈ।

**ਪ੍ਰਮਾਣਿਤ (ਸਰਟੀਫਾਈਡ):-** ਇਹ ਬੀਜ ਆਧਾਰ ਬੀਜ ਤੋਂ ਤਿਆਰ ਕੀਤਾ ਜਾਂਦਾ ਹੈ। ਇਸ ਸ਼੍ਰੇਣੀ ਦੇ ਬੀਜ ਦੀ ਨਸਲੀ ਸ਼ੁੱਧਤਾ ਪ੍ਰਮਾਣਿਤ ਬੀਜ ਲਈ ਮਿੱਥੇ ਗਏ ਮਿਆਰ ਤੱਕ ਹੋਣੀ ਚਾਹੀਦੀ ਹੈ। ਇਹ ਬੀਜ ਕਿਸਾਨਾਂ ਨੂੰ ਅਨਾਜ ਉਤਪਾਦਨ ਲਈ ਦਿੱਤਾ ਜਾਂਦਾ ਹੈ। ਟੈਗ ਦਾ ਰੰਗ ਨੀਲਾ ਹੁੰਦਾ ਹੈ।

# ਕਣਕ ਦੇ ਪ੍ਰਮਾਣਿਤ ਬੀਜ ਦਾ ਉਤਪਾਦਨ

ਕਣਕ ਭਾਰਤ ਵਿੱਚ ਉਗਾਈ ਜਾਣ ਵਾਲੀ ਅਨਾਜ ਦੀ ਦੂਜੀ ਮੁੱਖ ਫਸਲ ਹੈ। ਭਾਰਤ ਦੁਨੀਆਂ ਵਿਚ ਕਣਕ ਪੈਦਾ ਕਰਨ ਵਾਲਾ ਦੂਜਾ ਸਭ ਤੋਂ ਵੱਡਾ ਦੇਸ਼ ਹੈ। ਭਾਰਤ ਵਿਚ ਕਣਕ ਤਿੰਨ ਕਰੋੜ ਹੈਕਟੇਅਰ ਰਕਬੇ ਵਿਚ ਉਗਾਈ ਜਾਂਦੀ ਹੈ ਅਤੇ ਇਸ ਦੀ ਬਿਜਾਈ ਲਈ 30 ਲੱਖ ਟਨ ਬੀਜ ਦੀ ਜਰੂਰਤ ਪੈਂਦੀ ਹੈ। ਕੁੱਲ ਉਤਪਾਦਿਤ ਬੀਜ ਦਾ ਲਗਭਗ 35% ਸਿਰਫ ਕਣਕ ਦਾ ਬੀਜ ਹੀ ਹੁੰਦਾ ਹੈ। ਕਣਕ ਦਾ ਬੀਜ ਘੱਟ ਕੀਮਤ ਵਾਲਾ ਅਤੇ ਜਿਆਦਾ ਜਗ੍ਹਾ ਘੇਰਨ ਵਾਲਾ ਹੋਣ ਕਰਕੇ ਇਸ ਦਾ ਉਤਪਾਦਨ ਆਮ ਤੌਰ ਤੇ ਸਰਕਾਰ ਵੱਲੋ ਦਿੱਤੀ ਜਾਣ ਵਾਲੀ ਸਬਸਿਡੀ ਦੇ ਪ੍ਰੋਗਰਾਮਾਂ ਅਧੀਨ ਕਰਵਾਇਆ ਜਾਂਦਾ ਹੈ। ਘੱਟ ਕੀਮਤ ਵਾਲਾ ਹੋਣ ਕਰਕੇ, ਬੀਜ ਉਤਪਾਦਕ ਕਣਕ ਦੇ ਬੀਜ ਦੀ ਪੈਦਾਵਰ ਨੂੰ ਪੂਰੀ ਮਹੱਤਤਾ ਨਹੀਂ ਦਿੰਦੇ। ਕਿਉਂਕਿ ਇਹ ਸਵੈ-ਪਰਾਗਣ ਵਾਲੀ ਫਸਲ ਹੈ ਇਸ ਲਈ ਕਈ ਕਿਸਾਨ ਵੀਰ ਦਾਣਿਆਂ ਵਾਲੀ ਫਸਲ ਨੂੰ ਬੀਜ ਦੇ ਤੌਰ ਤੇ ਵਰਤ ਲੈਂਦੇ ਹਨ। ਉੱਚ ਉਤਪਾਦਨ ਵਾਸਤੇ ਚੰਗੇ ਬੀਜ ਦਾ ਹੋਣਾ ਮੁੱਢਲੀ ਜਰੂਰਤ ਹੈ। ਚੰਗੇ ਬੀਜ ਤੋ ਭਾਵ ਹੈ ਕਿ ਬੀਜ ਸੁਧਰੀ ਕਿਸਮ ਦਾ ਹੋਵੇ, ਨਸਲੀ ਅਤੇ ਭੌਤਿਕ ਸ਼ੁੱਧਤਾ ਵਾਲਾ, ਚੰਗੀ ਉਗਣ ਸ਼ਕਤੀ ਵਾਲਾ, ਨਦੀਨਾਂ ਅਤੇ ਬੀਜ ਦੀਆਂ ਬਿਮਾਰੀਆਂ ਤੋਂ ਰਹਿਤ ਹੋਵੇ। ਬੀਜ ਵਿਚ ਨਮੀ ਦੀ ਮਾਤਰਾ ਘੱਟ ਹੋਣੀ ਚਾਹੀਦੀ ਹੈ ਅਤੇ ਬੀਜ ਇਕਸਾਰ ਹੋਣਾ ਚਾਹੀਦਾ ਹੈ।

ਬੀਜ ਦੀ ਪ੍ਰਾਪਤੀ: ਬੀਜ ਉਤਪਾਦਨ ਲਈ ਮੁੱਢਲੀ ਸ਼੍ਰੇਣੀ ਦਾ (ਫਾਂਊਡੇਸ਼ਨ) ਬੀਜ ਵਰਤੋ। ਬੀਜ ਕਿਸੇ ਸਰਕਾਰੀ, ਅਰਧ ਸਰਕਾਰੀ ਜਾਂ ਭਰੋਸੇਮੰਦ ਅਦਾਰੇ ਤੋਂ ਹੀ ਖਰੀਦੋ। ਬੀਜ ਖਰੀਦਣ ਲੱਗਿਆਂ ਬੀਜ ਦੀ ਸ਼੍ਰੇਣੀ ਦੇਖ ਕੇ ਖਰੀਦੋ ਅਤੇ ਬੀਜ ਦੀ ਉੱਗਣ ਸ਼ਕਤੀ ਦੀ ਪਰਖ ਰਿਪੋਰਟ ਅਤੇ ਉਤਪਾਦਨ ਸਾਲ ਬਾਰੇ ਜਾਣਕਾਰੀ ਜਰੂਰ ਲਓ। ਮੁੱਢਲੇ ਬੀਜ ਦੀ ਪ੍ਰਾਪਤੀ ਤੋਂ ਬਾਅਦ ਪੰਜਾਬ ਸਟੇਟ ਸੀਡ ਸਰਟੀਫਿਕੇਸ਼ਨ ਅਥਾਰਟੀ (ਬੀਜ ਪ੍ਰਮਾਣਣ ਸੰਸਥਾ) ਦੇ ਖੇਤਰੀ ਦਫਤਰ ਨਾਲ ਸੰਪਰਕ ਕੀਤਾ ਜਾਂਦਾ ਹੈ ਅਤੇ ਬੀਜ ਉਤਪਾਦਨ ਵਾਲੇ ਰਕਬੇ ਦਾ ਪੰਜੀਕਰਣ ਕਰਵਾ ਲਿਆ ਜਾਂਦਾ ਹੈ। ਪੰਜੀਕਰਣ ਸਮੇਂ ਮੁੱਢਲੇ ਬੀਜ ਦਾ ਬਿੱਲ ਅਤੇ ਬੋਰੀਆਂ ਉਪਰ ਲੱਗੇ ਟੈਗ ਆਦਿ ਦੇਖੇ ਜਾਂਦੇ ਹਨ ਤਾਂ ਕਿ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਵਰਤੇ ਜਾਣ ਵਾਲਾ ਬੀਜ ਵਾਕਿਆ ਹੀ ਮੁੱਢਲਾ ਹੈ।ਪੰਜੀਕਰਣ ਵਾਸਤੇ ਨਿਸਚਿਤ ਅਰਜੀ ਫੀਸ ਅਤੇ ਨਿਰੀਖਣ ਫੀਸ ਜਮ੍ਹਾਂ ਕਰਵਾਉਣੀ ਪੈਂਦੀ ਹੈ।ਕਿਸੇ ਇਕ ਫਾਰਮ ਤੇ ਇਕੋ ਕਿਸਮ ਬੀਜੀ ਜਾਣੀ ਚਾਹੀਦੀ ਹੈ ਅਤੇ ਜੇ ਇੱਕ ਤੋਂ ਜਿਆਦਾ ਕਿਸਮਾਂ ਦੀ ਬਿਜਾਈ ਕਰਨੀ ਹੋਵੇ ਤਾਂ ਇਸ ਦੀ ਮੰਜੂਰੀ ਪ੍ਰਮਾਣੀਕਰਣ ਏਜੰਸੀ ਤੋਂ ਅਗਾਊਂ ਲਈ ਹੋਣੀ ਚਾਹੀਦੀ ਹੈ।

ਬੀਜ ਦੀ ਸੋਧ: ਬੀਜਾਂ ਦੇ ਰਾਹੀਂ ਬਹੁਤ ਸਾਰੀਆਂ ਬਿਮਾਰੀਆਂ ਫੈਲਦੀਆਂ ਹਨ, ਜਿਵੇਂ ਕਿ ਸਿੱਟੇ ਦੀ ਕਾਂਗਿਆਰੀ, ਪੱਤਿਆਂ ਦੀ ਕਾਂਗਿਆਰੀ ਅਤੇ ਦਾਣਿਆਂ ਦੀ ਕਾਲੀ ਨੋਕ। ਇਸ ਲਈ ਬੀਜਣ ਤੋ ਪਹਿਲਾਂ ਬੀਜ ਦੀ ਸੋਧ ਕਰਨੀ ਜਰੂਰੀ ਹੈ। ਕਣਕ ਦੀਆਂ ਸਾਰੀਆਂ ਕਿਸਮਾਂ (ਵਡਾਣਕ ਕਣਕ ਨੂੰ ਛੱਡ ਕੇ) ਦੇ ਬੀਜ ਨੂੰ ਵੀਟਾਵੈਕਸ ਪਾਵਰ 3 ਗ੍ਰਾਮ ਜਾਂ ਵੀਟਾਵੈਕਸ 2 ਗ੍ਰਾਮ ਜਾਂ ਰੈਕਸਲ ਇੱਕ ਗ੍ਰਾਮ ਪ੍ਰਤੀ ਕਿਲੋ ਬੀਜ ਜਾਂ ਬਾਵਿਸਟਨ/ ਐਗਰੋਜਿਮ/ ਡੈਰੋਸਲ/ ਜੇ ਕੇ ਸਟੀਨ/

ਸਟੈਨ 50/ ਪ੍ਰੋਵੈਕਸ/ ਬੈਨਕੋਰ 2.5 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਇਸ ਨਾਲ ਕਾਂਗਿਆਰੀ ਦੀ ਰੋਕਥਾਮ ਹੋ ਜਾਵੇਗੀ। ਬੀਜ ਵਿਚ ਕਾਲੀ ਨੋਕ ਵਾਲੇ ਦਾਣੇ ਹੋਣ ਜਾਂ ਸਿੱਟੇ ਦੇ ਝੁਲਸ ਰੋਗ ਦੀ ਰੋਕਥਾਮ ਲਈ ਬੀਜ ਨੂੰ ਕੈਪਟਾਨ 3 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਜੇ ਬੀਜ ਵੀਟਾਵੈਕਸ ਪਾਵਰ ਨਾਲ ਸੋਧਿਆ ਹੋਵੇ ਤਾਂ ਕੈਪਟਾਨ ਨਾਲ ਸੋਧਣ ਦੀ ਲੋੜ ਨਹੀਂ। ਬੀਜ ਦੀ ਸੋਧ, ਬੀਜ ਸੋਧਕ ਡਰੱਮ ਨਾਲ ਚੰਗੀ ਤਰ੍ਹਾਂ ਕੀਤੀ ਜਾ ਸਕਦੀ ਹੈ।

ਖੇਤ ਦੀ ਚੋਣ: ਪ੍ਰਮਾਣਿਤ ਬੀਜ ਦੇ ਉਤਪਾਦਨ ਲਈ ਯੋਗ ਖੇਤ ਦੀ ਚੋਣ ਬਹੁਤ ਜਰੂਰੀ ਹੈ ਅਤੇ ਇਸ ਲਈ ਚੰਗੇ ਜਲ ਨਿਕਾਸ ਵਾਲੀ, ਪੱਧਰੀ, ਦਰਮਿਆਨੀ ਮੈਰਾ ਜਮੀਨ ਵਧੀਆ ਸਮਝੀ ਜਾਂਦੀ ਹੈ। ਵਡਾਣਕ ਕਣਕ ਦੇ ਬੀਜ ਉਤਪਾਦਨ ਲਈ ਦਰਮਿਆਨੀ ਤੋਂ ਭਾਰੀ ਜਮੀਨ ਢੁੱਕਵੀਂ ਹੈ। ਖੇਤ ਦਾ ਪਿਛੋਕੜ ਜਾਨਣਾ ਵੀ ਅਤਿ ਜਰੂਰੀ ਹੈ ਤਾਂ ਕਿ ਆਪ ਉੱਗਣ ਵਾਲੇ ਕਣਕ ਦੇ ਬੂਟੇ, ਨਦੀਨਾਂ ਅਤੇ ਜਮੀਨ ਵਿਚ ਰਹਿਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ। ਜਿਸ ਖੇਤ ਵਿਚ ਬੀਜ ਉਤਪਾਦਨ ਕਰਨਾ ਹੈ,ਉਸ ਵਿਚ ਪਿਛਲੇ ਸਾਲ ਕਣਕ ਦੀ ਕਿਸੇ ਹੋਰ ਕਿਸਮ ਦੀ ਬਿਜਾਈ ਨਹੀਂ ਕੀਤੀ ਹੋਣੀ ਚਾਹੀਦੀ। ਜੇਕਰ ਖੇਤ ਵਿਚ ਪੱਤਿਆਂ ਦੀ ਕਾਂਗਿਆਰੀ ਜਾਂ ਨੀਮਾਟੋਡ ਗਾਲ ਜਾਂ ਟੁੰਡੂ ਦੀ ਬਿਮਾਰੀ ਆਈ ਹੋਵੇ ਤਾਂ ਅਜਿਹੇ ਖੇਤ ਵਿਚ ਘੱਟ ਤੋਂ ਘੱਟ ਦੋ ਸਾਲ ਕਣਕ ਦਾ ਬੀਜ ਉਤਪਾਦਨ ਨਹੀਂ ਕਰਨਾ ਚਾਹੀਦਾ।

ਬੀਜ ਫਸਲ ਦਾ ਪ੍ਰਬੰਧ ਕਣਕ ਦੀ ਆਮ ਫਸਲ ਨਾਲ ਮਿਲਦਾ ਜੁਲਦਾ ਅਤੇ ਉੱਚ ਪੱਧਰ ਦਾ ਹੋਣਾ ਚਾਹੀਦਾ ਹੈ। ਬਿਮਾਰੀਆਂ ਤੋਂ ਮੁਕਤ ਚੰਗੀ ਕੁਆਲਿਟੀ ਦਾ ਬੀਜ ਪੈਦਾ ਕਰਨ ਵਾਸਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਛਾਪੀ ਗਈ ਪੁਸਤਕ 'ਪੰਜਾਬ ਦੀਆਂ ਫਸਲਾਂ ਲਈ ਸਿਫਾਰਸ਼ਾਂ' (ਹਾੜੀ 2014) ਨੂੰ ਬਿਜਾਈ ਤੋਂ ਲੈ ਕੇ ਫਸਲ ਦੀ ਕਟਾਈ ਤੀਕ ਵਾਚਿਆ ਜਾਵੇ। ਬੀਜ ਫਸਲ ਦੀ ਬਿਜਾਈ ਆਮ ਫਸਲ ਨਾਲੋਂ ਥੋੜੀ ਡੂੰਘੀ ਕਰਨੀ ਚਾਹੀਦੀ ਹੈ ਅਤੇ ਨਾਈਟ੍ਰੋਜਨ ਖਾਦ ਜਿਆਦਾ ਨਹੀਂ ਵਰਤਣੀ ਚਾਹੀਦੀ, ਤਾਂ ਕਿ ਪੱਕਣ ਸਮੇਂ ਫਸਲ ਡਿੱਗ ਨਾ ਪਵੇ। ਫਸਲ ਵਿੱਚੋ ਗੈਰ ਬੂਟੇ, ਬਿਮਾਰੀ ਵਾਲੇ ਬੂਟੇ, ਨਦੀਨ ਕੱਢਣ ਲਈ ਅਤੇ ਫਸਲ ਨਿਰੀਖਣ ਲਈ ਖੇਤ ਵਿਚ ਰਸਤੇ ਛੱਡਣੇ ਚਾਹੀਦੇ ਹਨ।

ਬਿਜਾਈ ਦਾ ਸਮਾਂ: ਬਿਜਾਈ ਉਸ ਕਿਸਮ ਵਾਸਤੇ ਸਿਫਾਰਸ਼ ਕੀਤੇ ਸਮੇਂ ਤੇ ਹੀ ਹੋਣੀ ਚਾਹੀਦੀ ਹੈ।ਬਿਜਾਈ ਵਾਲੀ ਡਰਿਲ ਨੂੰ ਬਹੁਤ ਧਿਆਨ ਪੂਰਵਕ ਸਾਫ ਕਰਨਾ ਚਾਹੀਦਾ ਹੈ ਤਾਂ ਕਿ ਕਿਸੇ ਹੋਰ ਕਿਸਮ ਦਾ ਇੱਕ ਵੀ ਬੀਜ, ਬਿਜਾਈ ਸਮੇਂ ਬੀਜ ਵਿਚ ਨਾ ਰਲ ਜਾਵੇ। ਬਿਜਾਈ ਲਾਈਨਾਂ ਵਿੱਚ ਕੀਤੀ ਜਾਣੀ ਚਾਹੀਦੀ ਹੈ ਅਤੇ ਬੀਜ ਦੀ ਵਰਤੋਂ ਇੰਨੀ ਮਾਤਰਾ ਵਿਚ ਹੋਵੇ ਕਿ ਫਸਲ ਢੁੱਕਵੇਂ ਢੰਗ ਨਾਲ ਖੜ੍ਹੀ ਰਹੇ। ਇਕੋ ਦਿਸ਼ਾ ਵਿਚ ਕੀਤੀ ਬਿਜਾਈ ਨਿਰੀਖਣ ਸਮੇਂ ਅਤੇ ਖੇਤ ਕ੍ਰਿਆਵਾਂ ਸਮੇਂ ਮਦਦ ਕਰਦੀ ਹੈ।

ਜਰੂਰੀ ਵਿੱਥ: ਬੀਜ ਉਤਪਾਦਨ ਕਰਨ ਵਾਲੇ ਖੇਤ ਦੀ ਇਸੇ ਫਸਲ ਦੀਆਂ ਦੂਜੀਆਂ ਕਿਸਮਾਂ ਤੋ ਘੱਟੋ-ਘੱਟ 3 ਮੀਟਰ ਦੀ ਦੂਰੀ ਹੋਣੀ ਚਾਹੀਦੀ ਹੈ (ਸਾਰਣੀ 1)। ਇਸ ਤੋਂ ਇਲਾਵਾ ਜਿਹੜੀਆਂ ਕਿਸਮਾਂ ਨੂੰ ਕਾਂਗਿਆਰੀ ਦੀ ਬਿਮਾਰੀ ਲੱਗਦੀ ਹੈ ਉਨ੍ਹਾਂ ਦੇ ਬੀਜ ਉਤਪਾਦਕ ਖੇਤ ਕਾਂਗਿਆਰੀ ਦੀ ਬੀਮਾਰੀ ਨਾਲ ਪ੍ਰਭਾਵਿਤ ਖੇਤਾਂ ਤੋਂ ਘੱਟੋ ਘੱਟ 150 ਮੀਟਰ ਦੀ ਦੂਰੀ ਤੇ ਹੋਣੇ ਚਾਹੀਦੇ ਹਨ।

**ਫਸਲ ਨਿਰੀਖਣ:** ਪ੍ਰਮਾਣਿਤ ਬੀਜਾਂ ਦੇ ਉਤਪਾਦਨ ਵਿਚ ਇਹ ਸਭ ਤੋਂ ਮਹੱਤਵਪੂਰਨ ਗਤੀਵਿਧੀ ਹੈ। ਬੀਜ ਫਸੱਲ ਦਾ ਭਿੰਨ ਭਿੰਨ ਪੜਾਵਾਂ ਤੇ ਨਿਰੀਖਣ ਕਰਨਾ ਚਾਹੀਦਾ ਹੈ। ਗੈਰ ਪੌਦਿਆਂ, ਦੂਜੀਆਂ ਫਸਲਾਂ ਦੇ ਪੌਦਿਆਂ, ਨਦੀਨਾਂ ਅਤੇ ਬੀਮਾਰ ਪੌਦਿਆਂ ਨੂੰ ਪੁੱਟਣ ਅਤੇ ਗੋਡੀ ਕਰਨ ਸਮੇਂ ਵੀ ਬੀਜ ਫਸਲ ਦਾ ਨਿਰੀਖਣ ਕਰਨਾ ਚਾਹੀਦਾ ਹੈ। ਗੈਰ ਬੂਟੇ ਪੁੱਟਣ (ਰੋਗਿੰਗ) ਦਾ ਮਤਲਬ ਉਹਨਾਂ ਬੂਟਿਆਂ ਨੂੰ ਪੁੱਟਣ ਤੋਂ ਹੈ, ਜਿਹੜੇ ਫਸਲ ਦੀ ਕਿਸਮ ਦੇ ਸਾਧਾਰਨ ਬੂਟਿਆਂ ਤੋਂ ਵੱਖਰੇ ਹੋਣ। ਇਹ ਗੈਰ ਬੂਟੇ ਬੀਜ ਦੇ ਮਿਸ਼ਰਨ ਕਾਰਨ, ਪਰ ਪਰਾਗਣ ਕਾਰਨ ਜਾਂ ਮਿਊਟੇਸ਼ਨ ਕਾਰਨ ਪੈਦਾ ਹੋ ਜਾਂਦੇ ਹਨ। ਘੱਟੋ-ਘੱਟ ਤਿੰਨ ਵਾਰ ਰੋਗਿੰਗ ਦੀ ਪ੍ਰਕ੍ਰਿਆ ਕੀਤੀ ਜਾਂਦੀ ਹੈ।

1. **ਪਹਿਲੀ ਰੋਗਿੰਗ:** ਸਿੱਟੇ ਨਿਕਲਨ ਤੋਂ ਥੋੜਾ ਪਹਿਲਾਂ ਜਾਂ ਸਿੱਟੇ ਨਿਕਲਣ ਸਮੇਂ ਜਦੋਂ ਗੈਰ ਬੂਟੇ ਸਾਫ ਸਾਫ ਵੱਖਰੇ ਦਿਸਣ।
2. **ਦੂਸਰੀ ਰੋਗਿੰਗ:** ਜਦੋਂ ਸਿੱਟੇ ਪੂਰੇ ਨਿਕਲ ਆਉਣ ਅਤੇ ਇਸ ਤੋਂ ਪਹਿਲਾਂ ਜਦੋਂ ਫਸਲ ਦਾ ਰੰਗ ਬਦਲਣ ਲੱਗ ਪੈਂਦਾ ਹੈ।
3. **ਤੀਸਰੀ ਰੋਗਿੰਗ:** ਜਦੋਂ ਸਿੱਟੇ ਰੰਗ ਬਦਲ ਲੈਣ ਅਤੇ ਫਸਲ ਪੱਕਣ ਵਾਲੀ ਹੋਵੇ।

ਰੋਗਿੰਗ ਲਈ ਸਵੇਰ ਅਤੇ ਸ਼ਾਮ ਦਾ ਸਮਾਂ ਢੁੱਕਵਾਂ ਹੁੰਦਾ ਹੈ। ਰੋਗਿੰਗ ਸਮੇਂ ਦੂਜੀਆਂ ਫਸਲਾਂ ਦੇ ਬੂਟੇ ਵੀ ਪੁੱਟ ਦੇਣੇ ਚਾਹੀਦੇ ਹਨ। ਪੁੱਟੇ ਹੋਏ ਗੈਰ ਬੂਟੇ, ਖਾਸ ਤੌਰ ਤੇ ਜਦੋਂ ਦਾਣੇ ਬਣ ਗਏ ਹੋਣ, ਪੁੱਟ ਕੇ ਬੀਜ ਉਤਪਾਦਨ ਦੇ ਖੇਤ ਤੋਂ ਦੂਰ ਸੁੱਟ ਦੇਣੇ ਚਾਹੀਦੇ ਹਨ ਤਾਂ ਕਿ ਪੁੱਟੇ ਹੋਏ ਬੂਟਿਆਂ ਦੇ ਦਾਣੇ ਮੁੱਖ ਫਸਲ ਦੇ ਬੀਜ ਵਿਚ ਅਣਚਾਹੇ ਨਾ ਰਲ ਜਾਣ। ਡਿਗੀ ਹੋਈ ਫਸਲ ਵਿਚ ਗੈਰ ਬੂਟਿਆਂ ਦੀ ਪੁਟਾਈ ਅਸਰਦਾਇਕ ਨਹੀਂ ਹੁੰਦੀ ਸੋ ਫਸਲ ਨੂੰ ਡਿੱਗਣ ਤੋਂ ਰੋਕਣ ਲਈ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ। ਗੈਰ ਬੂਟੇ ਜਿਹੜੇ ਲੰਬੇ, ਸਿੱਟੇ ਰਹਿਤ ਅਤੇ ਪਛੇਤੇ ਹੋਣ, ਫਸਲ ਵਿਚੋਂ ਅਰਾਮ ਨਾਲ ਪਛਾਣੇ ਅਤੇ ਪੁੱਟੇ ਜਾ ਸਕਦੇ ਹਨ ਪਰੰਤੂ ਮੱਧਰੇ ਬੂਟੇ ਕਈ ਵਾਰ ਨਜਰ ਨਾ ਆਉਣ ਕਰਕੇ ਬੀਜ ਫਸਲ ਵਿਚ ਰਹਿ ਜਾਂਦੇ ਹਨ। ਗੈਰ ਬੂਟਿਆਂ ਨੂੰ ਜੜ੍ਹਾਂ ਤੋਂ ਪੁੱਟਣਾ ਚਾਹੀਦਾ ਹੈ। ਕਈ ਵਾਰ ਅਣਗਹਿਲੀ ਕਾਰਨ ਗੈਰ ਬੂਟਿਆਂ ਦੀਆਂ ਮੁੱਖ ਸ਼ਾਖਾਵਾਂ ਕੱਟ ਦਿੱਤੀਆਂ ਜਾਂਦੀਆਂ ਹਨ ਪਰੰਤੂ ਪਾਸਿਆਂ ਵਾਲੀਆਂ ਸ਼ਾਖਾਵਾਂ ਤੇ ਸਿੱਟੇ ਰਹਿ ਜਾਂਦੇ ਹਨ ਅਤੇ ਬੀਜ ਵਿਚ ਅਸ਼ੁੱਧਤਾ ਦਾ ਕਾਰਨ ਬਣਦੇ ਹਨ।

## ਕਣਕ ਦੀਆਂ ਬਿਮਾਰੀਆਂ ਅਤੇ ਕੀੜੇ

ਕਣਕ ਦੇ ਸਫਲ ਬੀਜ ਉੱਤਪਾਦਨ ਵਿੱਚ ਅੜਿੱਕਾ ਪਾਉਣ ਵਾਲੀਆਂ ਹੇਠ ਲਿੱਖੀਆਂ ਮੁੱਖ ਬਿਮਾਰੀਆਂ ਤੋਂ ਸੁਚੇਤ ਹੋਣ ਦੀ ਲੋੜ ਹੈ।

**ਸਿੱਟੇ ਦੀ ਕਾਂਗਿਆਰੀ:** ਕਾਂਗਿਆਰੀ ਉੱਲੀ ਦੀ ਬਿਮਾਰੀ ਹੈ ਅਤੇ ਇਹ ਕੇਵਲ ਬੀਜ ਰਾਹੀਂ ਹੀ ਫੈਲਦੀ ਹੈ। ਇਹ ਉੱਲੀ ਸਿੱਟਿਆਂ ਨੂੰ ਬਿਲਕੁਲ ਤਬਾਹ ਕਰ ਦੇਂਦੀ ਹੈ ਅਤੇ ਉਨ੍ਹਾਂ ਅੰਦਰ ਦਾਣਿਆਂ ਦੀ ਥਾਂ ਕਾਲਾ ਜਿਹਾ ਧੂੜਾ ਬਣ ਜਾਂਦਾ ਹੈ। ਇਸ ਦੀ ਰੋਕਥਾਮ ਲਈ ਬੀਜ ਦੀ ਸੋਧ ਕਰੋ।

**ਪੱਤਿਆਂ ਦੀ ਕਾਂਗਿਆਰੀ:** ਇਸ ਉੱਲੀ ਰੋਗ ਵਿੱਚ ਪੱਤਿਆਂ ਉੱਤੇ ਲੰਬਾਈ ਵਿੱਚ ਕਾਲੀਆਂ/ ਸਲੇਟੀ ਧਾਰੀਆਂ ਪੈ ਜਾਂਦੀਆਂ ਹਨ। ਇਨ੍ਹਾਂ ਵਿੱਚੋਂ ਫਟਣ ਨਾਲ ਕਾਲੇ ਕਣ ਨਿੱਕਲਦੇ ਹਨ।



ਕਣਕ ਦੇ ਸਿੱਟੇ ਦੀ ਕਾਂਗਿਆਰੀ

ਇਸ ਤੋਂ ਬਚਾਅ ਲਈ ਕਣਕ ਦੇ ਬੀਜ ਦੀ ਸੋਧ ਕਰੋ।

**ਪੀਲੀ ਕੁੰਗੀ:** ਪੱਤਿਆਂ ਤੇ ਪੀਲੇ ਧੱਬੇ, ਲੰਮੀਆਂ ਧਾਰੀਆਂ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ ਜਿਨ੍ਹਾਂ ਤੇ ਪੀਲਾ ਹਲਦੀ ਨੁਮਾ ਧੂੜਾ ਨਜ਼ਰ ਆਉਂਦਾ ਹੈ। ਬਿਮਾਰੀ ਨਜ਼ਰ ਆਉਣ ਤੇ ਟਿਲਟ 25 ਈ ਸੀ/ ਸ਼ਾਈਨ 25 ਈ ਸੀ/ ਬੰਪਰ 25 ਈ ਸੀ ਜਾਂ ਫੋਲੀਕਰ 25 ਈ ਸੀ 200 ਮਿ. ਲਿ. ਜਾਂ ਬੈਲੇਟਾਨ 25 ਡਬਲਯੂ ਪੀ 200 ਗ੍ਰਾਮ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਗੰਭੀਰ ਹਾਲਤਾਂ ਵਿੱਚ ਦੂਜਾ ਛਿੜਕਾਅ 15 ਦਿਨਾਂ ਦੇ ਵਕਫ਼ੇ ਤੇ ਕਰੋ।

**ਕਰਨਾਲ ਬੰਟ:** ਇਸ ਬਿਮਾਰੀ ਨਾਲ ਸਿੱਟਿਆਂ ਵਿੱਚ ਕੁਝ ਦਾਣਿਆਂ ਦੇ ਹਿੱਸੇ ਕਾਲੇ ਰੰਗ ਦੇ ਕਿਣਕਿਆ ਨਾਲ ਭਰ ਜਾਂਦੇ ਹਨ ਜੋ ਕਿ ਦਬਾਓਣ ਤੇ ਬਾਹਰ ਨਿੱਕਲਦੇ ਹਨ ਅਤੇ ਭੈੜੀ ਦੁਰਗੰਧ ਦਿੰਦੇ ਹਨ । ਇਸ ਰੋਗ ਦਾ ਟਾਕਰਾ ਕਰਨ ਲਈ ਫ਼ਸਲ ਤੇ ਟਿਲਟ/ਫੋਲੀਕਰ 25 ਈ ਸੀ 200 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲਿਟਰ ਪਾਣੀ ਵਿੱਚ ਘੋਲ ਕੇ



ਕਣਕ ਦੇ ਪੱਤਿਆਂ ਦੀ ਕਾਂਗਿਆਰੀ



ਕਣਕ ਦੀ ਪੀਲੀ ਕੁੰਗੀ



ਕਣਕ ਦੀ ਕਰਨਾਲ ਬੰਟ

ਸਿੱਟੇ ਨਿੱਕਲਣ ਵੇਲੇ ਇੱਕ ਛਿੜਕਾਅ ਕਰੋ।

ਚੇਪਾ: ਜੇਕਰ 5 ਚੇਪੇ ਪ੍ਰਤੀ ਸਿੱਟਾ ਹੋਣ (ਇੱਕ ਏਕੜ ਖੇਤ ਦੇ ਹਰੇਕ ਚਾਰ ਹਿੱਸਿਆਂ ਵਿੱਚੋਂ ਚੁਣੇ 10-10 ਸਿੱਟਿਆਂ ਦੇ ਆਧਾਰ ਤੇ) ਤਾਂ ਚੇਪੇ ਦੇ ਹਮਲੇ ਨਾਲ ਪੱਤੇ ਪੀਲੇ ਪੈ ਜਾਂਦੇ ਹਨ। ਇਨ੍ਹਾਂ ਦੀ ਰੋਕਥਾਮ ਲਈ 40 ਮਿ.ਲਿ. ਇਮਿਡਾਕਲੋਪਰਿਡ 200 ਐੱਸ ਐੱਲ ਜਾਂ 20 ਗ੍ਰਾਮ ਥਾਇਆਮੈਥੋਕਸਮ 25 ਡਬਲਯੂ ਜੀ ਜਾਂ 12 ਗ੍ਰਾਮ ਡੋਨਟਾਪ 50 ਡਬਲਯੂ ਡੀ ਜੀ (ਕਲੋਥੀਆਨੀਡਿਨ) ਜਾਂ 150 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਜਾਂ ਮੈਟਾਸਿਸਟਾਕਸ 25 ਈ ਸੀ (ਔਕਸੀਡੈਮੇਟੋਨ ਮੀਥਾਈਲ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਨੈਪਸੈਕ ਪੰਪ ਨਾਲ ਛਿੜਕਾਅ ਕਰੋ।



ਕਣਕ ਦਾ ਚੇਪਾ

ਖੇਤ ਪੜਤਾਲ: ਬੀਜ ਪ੍ਰਮਾਣਨ ਸੰਸਥਾ ਦੁਆਰਾ ਖੇਤ ਪੜ੍ਹਤਾਲ ਦਾ ਮੰਤਵ ਇਹ ਹੁੰਦਾ ਹੈ ਕਿ ਗੈਰ ਬੂਟਿਆਂ ਦੀ ਪੁਟਾਈ ਮੁਕੰਮਲ ਹੋਵੇ, ਲੌੜੀਂਦੀ ਨਿਵੇਕਲੀ ਦੂਰੀ ਰੱਖੀ ਗਈ ਹੋਵੇ ਅਤੇ ਉਹ ਸਾਰੇ ਕਾਰਕ ਜਿਹੜੇ ਫਸਲ ਦੀ ਨਸਲ ਦੀ ਸ਼ੁੱਧਤਾ ਤੇ ਅਸਰ ਕਰ ਸਕਦੇ ਹੋਣ, ਦੀ ਠੀਕ ਤਰ੍ਹਾਂ ਪਾਲਣਾ ਕੀਤੀ ਗਈ ਹੋਵੇ। ਖੇਤਾਂ ਦੀ ਬੀਜ ਨਾਲ ਸਬੰਧਿਤ ਬਿਮਾਰੀਆਂ ਅਤੇ ਨਦੀਨਾਂ ਸਬੰਧੀ ਵੀ ਪੜਤਾਲ ਕੀਤੀ ਜਾਂਦੀ ਹੈ। ਸਿੱਟੇ ਨਿਕਲਣ ਤੋਂ ਕਟਾਈ ਤਕ ਘੱਟੋ-ਘੱਟ ਦੋ ਪੜਤਾਲਾਂ ਕੀਤੀਆਂ ਜਾਂਦੀਆਂ ਹਨ।

ਫਸਲ ਦੀ ਕਟਾਈ: ਜੇਕਰ ਕਟਾਈ, ਛਟਾਈ, ਸੁਧਾਈ ਅਤੇ ਪੈਕਿੰਗ ਕਰਨ ਸਮੇਂ ਪੂਰਾ ਧਿਆਨ ਨਾ ਦੇਈਏ ਤਾਂ ਰੋਗਿੰਗ ਅਤੇ ਪਹਿਲੇ ਪੜ੍ਹਾਵਾਂ ਵਿਚ ਲਈਆਂ ਗਈਆਂ ਸਾਵਧਾਨੀਆਂ ਅਜਾਂਈ ਜਾਣਗੀਆਂ।ਫਸਲ ਦੀ ਕਟਾਈ ਤੋਂ ਪਹਿਲਾਂ ਥਰੈਸ਼ਰ ਜਾਂ ਕੰਬਾਈਨ ਨੂੰ ਚੰਗੀ ਤਰਾਂ ਸਾਫ ਕਰ ਲੈਣਾ ਚਾਹੀਦਾ ਹੈ ਤਾਂ ਕਿ ਉਸ ਵਿਚ ਕਿਸੇ ਹੋਰ ਫਸਲ ਜਾਂ ਕਿਸਮ ਦਾ ਬੀਜ ਨਾ ਰਹਿ ਜਾਵੇ। ਸਫਾਈ ਦੇ ਬਾਵਜੂਦ ਕੰਬਾਈਨ ਹਾਰਵੈਸਟਰ ਦੇ ਨਾ-ਪਹੁੰਚ-ਯੋਗ ਪੁਰਜਿਆਂ ਵਿਚ ਛੁਪੇ ਦਾਣੇ ਰਹਿ ਸਕਦੇ ਹਨ, ਇਸ ਲਈ ਕੰਬਾਈਨ ਨਾਲ ਕੱਟੇ ਪਹਿਲੇ 2-3 ਕੁਇੰਟਲ ਬੀਜ ਨੂੰ ਮਿਸ਼ਰਿਤ (mixture) ਦੇ ਤੌਰ ਤੇ ਨਕਾਰ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਥਰੈਸ਼ਰ ਨਾਲ ਕੱਢੇ ਗਏ ਪਹਿਲੇ 40-50 ਕਿਲੋ ਬੀਜ ਵੀ ਮਿਸ਼ਰਿਤ ਦੇ ਰੂਪ ਵਿਚ ਨਕਾਰ ਦੇਣੇ ਚਾਹੀਦੇ ਹਨ। ਕੰਬਾਈਨ ਹਾਰਵੈਸਟਰ ਪੰਜ ਏਕੜ ਤੋਂ ਜਿਆਦਾ ਦੇ ਪਲਾਟ ਵਿਚ ਵਰਤੀ ਜਾਣੀ ਚਾਹੀਦੀ ਹੈ ਜਾਂ ਫਿਰ ਥਰੈਸ਼ਰਾਂ ਨੂੰ ਪਹਿਲ ਦੇਣੀ ਚਾਹੀਦੀ ਹੈ। ਥਰੈਸ਼ਿੰਗ ਫਲੋਰ ਅਤੇ ਸਟੋਰ ਵੀ ਪੂਰੀ ਤਰਾਂ ਸਾਫ ਕੀਤੇ ਹੋਣੇ ਚਾਹੀਦੇ ਹਨ।

ਬੀਜ ਦੀ ਸਫਾਈ ਅਤੇ ਗਰੇਡਿੰਗ: ਜਿਹੜੀ ਫਸਲ ਦਿੱਤੇ ਹੋਏ ਮਾਪਦੰਡਾਂ ਉੱਤੇ ਖਰੀ ਉਤਰਦੀ ਹੈ, ਉਸ ਦੇ ਪੱਕੇ ਹੋਏ ਰਾਅ ਬੀਜ ਨੂੰ ਬੀਜ ਪ੍ਰਮਾਣਨ ਅਫਸਰ ਦੀ ਨਿਗਰਾਨੀ ਹੇਠ ਸਾਫ ਅਤੇ ਗਰੇਡ ਕੀਤਾ ਜਾਂਦਾ ਹੈ। ਰਲਾਅ ਤੋਂ ਬਚਾਉਣ ਲਈ ਸਫਾਈ ਅਤੇ ਗਰੇਡਿੰਗ

ਸਾਰਣੀ 1.ਪ੍ਰਮਾਣਿਤ ਬੀਜ ਵਾਸਤੇ ਖੇਤਾਂ ਦੇ ਮਾਪਦੰਡ

| ਦੋਸ਼ਕਾਰੀ ਪਦਾਰਥ | ਘੱਟੋ-ਘੱਟ ਦੂਰੀ (ਮੀਟਰ) |
|---|---|
| ਦੂਜੀਆਂ ਕਿਸਮਾਂ ਦੇ ਖੇਤ | 3 |
| ਪ੍ਰਮਾਣਨ ਵਾਸਤੇ ਕਿਸਮ ਦੀ ਸ਼ੁੱਧਤਾ ਲੋੜਾਂ ਨਾਲ ਬੇਮੇਲ ਉਸੇ ਕਿਸਮ ਦੇ ਖੇਤ | 3 |
| ਕਣਕ, ਟਰਿਟੀਕੇਲ ਅਤੇ ਰਾਈ ਦੇ ਖੇਤਾਂ ਤੋਂ ਦੂਰੀ ਜਿਨ੍ਹਾਂ ਵਿੱਚ ਕਾਂਗਿਆਰੀ ਵਾਲੇ ਬੂਟੇ 0.50% ਤੋਂ ਜਿਆਦਾ ਹੋਣ | 150 |

ਵਾਲੀਆਂ ਮਸ਼ੀਨਾਂ ਚੰਗੀ ਤਰਾਂ ਸਾਫ ਕਰ ਲੈਣੀਆਂ ਚਾਹੀਦੀਆਂ ਹਨ।ਗਰੇਡਿਡ ਬੀਜ ਵਿਚੋਂ ਸਿਫਾਰਿਸ਼ ਅਨੁਸਾਰ ਬੀਜ ਦੇ ਸੈਂਪਲ ਲਏ ਜਾਂਦੇ ਹਨ ਅਤੇ ਪੰਜਾਬ ਰਾਜ ਬੀਜ ਪਰਖ ਪ੍ਰਯੋਗਸ਼ਾਲਾ ਨੂੰ ਗੁਪਤ ਨੰਬਰਾਂ ਦੇ ਅਧੀਨ ਟੈਸਟਿੰਗ ਵਾਸਤੇ ਭੇਜ ਦਿੱਤੇ ਜਾਂਦੇ ਹਨ। ਇਨ੍ਹਾਂ ਪ੍ਰਯੋਗਸ਼ਾਲਾਵਾਂ ਵਿੱਚ ਬੀਜ ਦੀ ਭੌਤਿਕ ਸ਼ੁੱਧਤਾ, ਉੱਗਣ ਸ਼ਕਤੀ ਅਤੇ ਬਿਮਾਰੀਆਂ ਬਾਰੇ ਜਾਂਚ ਕੀਤੀ ਜਾਂਦੀ ਹੈ। ਪ੍ਰਯੋਗਸ਼ਾਲਾ ਵੱਲੋਂ ਪਾਸ ਕੀਤੇ ਬੀਜ ਨੂੰ ਪ੍ਰਮਾਣੀਕਰਨ ਸੰਸਥਾ ਵੱਲੋਂ ਆਪਣੀ ਨਿਗਰਾਨੀ ਹੇਠ ਥੈਲਿਆਂ ਵਿਚ ਪਵਾ ਕੇ ਬੰਦ ਕਰਵਾਕੇ ਉਨ੍ਹਾਂ ਉਪਰ ਟੈਗ ਲਗਾਏ ਜਾਂਦੇ ਹਨ ਅਤੇ ਲੈਡ ਸੀਲ ਲਗਾ ਦਿੱਤੀ ਜਾਂਦੀ ਹੈ। ਅਜਿਹੇ ਬੀਜ ਦੇ ਮੰਡੀਕਰਨ ਵਾਸਤੇ ਲਾਈਸੈਂਸ ਹੋਣਾ ਚਾਹੀਦਾ ਹੈ ਜੋ ਜਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਤੋਂ ਲਿਆ ਜਾ ਸਕਦਾ ਹੈ। ਅਜਿਹੇ ਲਾਈਸੈਂਸ ਨਾਲ ਕੇਵਲ ਦਰਜ ਕੀਤੀ ਹੋਈ ਜਗ੍ਹਾ ਤੇ ਹੀ ਬੀਜ ਦੀ ਵਿਕਰੀ ਕੀਤੀ ਜਾ ਸਕਦੀ ਹੈ।ਜੇ ਬੀਜ ਹੋਰ ਬੀਜ ਵਿਕਰੇਤਾ ਰਾਹੀਂ ਵੇਚਣਾ ਹੋਵੇ ਤਾਂ ਇਕ ਹੋਰ ਲਾਈਸੈਂਸ ਡਾਇਰੈਕਟਰ ਖੇਤੀਬਾੜੀ ਪੰਜਾਬ, ਚੰਡੀਗੜ੍ਹ ਦੇ ਦਫਤਰ ਤੋਂ ਲੈਣਾ ਪਵੇਗਾ।

ਸਾਰਣੀ 2. ਵਿਸ਼ੇਸ਼ ਲੋੜਾਂ

| ਤੱਤ | ਵੱਧ ਤੋਂ ਵੱਧ ਮਨਜ਼ੂਰਸ਼ੁਦਾ (%) |
|---|---|
| ਓਪਰੇ ਬੂਟੇ | 0.20 |
| ਦੂਜੀਆਂ ਫਸਲਾਂ ਦੇ ਨਾ ਵੱਖਰੇ ਕਰਨ ਯੋਗ ਬੂਟੇ (ਜੌਂ, ਜਵੀ, ਟਰਿਟੀਕੇਲ ਅਤੇ ਛੋਲੇ) | 0.05 |
| ਕਾਂਗਿਆਰੀ ਦੀ ਬਿਮਾਰੀ ਵਾਲੇ ਬੂਟੇ | 0.50 (ਗਿਣਤੀ) |

ਸਾਰਣੀ 3. ਤਸਦੀਕਸ਼ੁਦਾ ਬੀਜ ਉਤਪਾਦਨ ਵਾਸਤੇ ਬੀਜਾਂ ਦੇ ਮਾਪਦੰਡ

| ਤੱਤ | ਮਾਪਦੰਡ |
|---|---|
| ਸ਼ੁੱਧ ਬੀਜ (ਘੱਟੋ-ਘੱਟ) | 98% |
| ਮਿੱਟੀ ਘੱਟਾ ਤੇ ਫੂਸ (ਕੂੜਾ ਕਰਕਟ) (ਵੱਧ ਤੋਂ ਵੱਧ) | 2% |
| ਦੂਜੀਆਂ ਫਸਲਾਂ ਦੇ ਬੀਜ (ਵੱਧ ਤੋਂ ਵੱਧ) | 20/ਕਿਲੋ |
| ਕੁਲ ਨਦੀਨ ਬੀਜ (ਵੱਧ ਤੋਂ ਵੱਧ) | 20/ਕਿਲੋ |
| ਇਤਰਾਜਯੋਗ ਨਦੀਨਾਂ ਦੇ ਬੀਜ (ਵੱਧ ਤੋਂ ਵੱਧ) ਹਿਰਨਖੁਰੀ ਅਤੇ ਗੁੱਲੀ ਡੰਡਾ | 5/ਕਿਲੋ |
| ਨੀਮਾਟੋਡ ਗਾਲ ਜਾਂ ਟੂੰਡੂ ਦੀ ਬਿਮਾਰੀ ਵਾਲੇ ਬੀਜ | 0% |
| ਕਰਨਾਲ ਬੰਟ ਵਾਲੇ ਬੀਜ (ਵੱਧ ਤੋਂ ਵੱਧ) | 0.25% |
| ਉੱਗਣ ਸ਼ਕਤੀ (ਘੱਟ ਤੋਂ ਘੱਟ) | 85% |
| ਨਮੀਂ (ਵੱਧ ਤੋਂ ਵੱਧ) | 12% |

ਭੰਡਾਰਨ: ਬੀਜ ਦੀ ਬਿਜਾਈ ਸਮੇਂ ਉੱਗਣ ਸ਼ਕਤੀ ਘੱਟ ਨਾ ਜਾਵੇ, ਇਸ ਲਈ ਬੀਜ ਨੂੰ ਠੰਡੇ ਅਤੇ ਖੁਸ਼ਕ ਥਾਵਾਂ ਤੇ ਭੰਡਾਰ ਕੀਤਾ ਜਾਂਦਾ ਹੈ। ਭੰਡਾਰ ਵਿਚ ਬੀਜ ਕੀੜਿਆਂ, ਮਕੌੜਿਆਂ ਅਤੇ ਚੂਹਿਆਂ ਤੋਂ ਬਚਾਇਆ ਜਾਣਾ ਚਾਹੀਦਾ ਹੈ।

# ਝੋਨੇ ਅਤੇ ਬਾਸਮਤੀ ਦੇ ਸੁਧਰੇ ਬੀਜਾਂ ਦਾ ਉਤਪਾਦਨ

ਖੇਤੀਬਾੜੀ ਵਿੱਚ ਫਸਲਾਂ ਦੀਆਂ ਕਿਸਮਾਂ ਦੇ ਸੁਧਰੇ ਬੀਜਾਂ ਨੂੰ ਇੱਕ ਮਹੱਤਵਪੂਰਨ ਲਾਗਤ ਵਜੋਂ ਮਾਨਤਾ ਹਾਸਲ ਹੈ ਕਿਉਂਕਿ ਰਸਾਇਣੀ ਖਾਦਾਂ, ਸਿੰਜਾਈ, ਪੌਦ ਸੁਰੱਖਿਆ ਅਤੇ ਹੋਰ ਲਾਗਤਾਂ ਕੇਵਲ ਉਦੋਂ ਹੀ ਚੰਗਾ ਮੁਨਾਫਾ ਦੇਣ ਯੋਗ ਹੁੰਦੀਆਂ ਹਨ ਜਦੋਂ ਵਧੀਆ ਕੁਆਲਟੀ ਦੇ ਬੀਜ ਬੀਜੇ ਜਾਣ। ਸੁਧਰੇ ਬੀਜਾਂ ਵਿੱਚ ਇਕ ਨਿਸ਼ਚਿਤ ਸ਼ੁੱਧਤਾ, ਸਹੀ ਉੱਗਣ ਸ਼ਕਤੀ ਅਤੇ ਸਹੀ ਨਮੀਂ ਹੁੰਦੀ ਹੈ। ਇਹ ਬੀਜ ਬੀਜਾਂ ਤੋਂ ਫੈਲਣ ਵਾਲੀਆਂ ਬਿਮਾਰੀਆਂ ਅਤੇ ਨਦੀਨਾਂ ਤੋਂ ਮੁਕਤ ਹੁੰਦੇ ਹਨ। ਖੇਤੀ ਵਿਗਿਆਨੀਆਂ ਦੇ ਤਜਰਬਿਆਂ ਤੋਂ ਇਹ ਸਾਬਤ ਹੋਇਆ ਹੈ ਕਿ ਸੁਧਰੇ ਬੀਜ ਬੀਜਣ ਨਾਲ ਉਪਜ ਵਿੱਚ 15-20% ਤੱਕ ਵਾਧਾ ਹੋ ਸਕਦਾ ਹੈ। ਝੋਨੇ ਅਤੇ ਬਾਸਮਤੀ ਦੇ ਚੰਗੀ ਕੁਆਲਟੀ ਦੇ ਸੁਧਰੇ ਬੀਜ ਪੈਦਾ ਕਰਨ ਲਈ ਹੇਠ ਲਿਖੀਆਂ ਕੁਝ ਮਹੱਤਵਪੂਰਨ ਗੱਲਾਂ ਦਾ ਧਿਆਨ ਰੱਖਣਾਂ ਚਾਹੀਦਾ ਹੈ।

ਜਮੀਨ ਦੀ ਚੋਣ: ਖੇਤ ਚੰਗੀ ਤਰਾਂ ਵਾਹ ਕੇ ਪੱਧਰਾ ਕੀਤਾ ਹੋਣਾ ਚਾਹੀਦਾ ਹੈ ਅਤੇ ਫਾਲਤੂ ਪੌਦਿਆਂ, ਦੂਸਰੀਆਂ ਫਸਲਾਂ ਦੇ ਬੂਟਿਆਂ ਅਤੇ ਨਦੀਨਾਂ ਤੋਂ ਮੁਕਤ ਹੋਣਾ ਚਾਹੀਦਾ ਹੈ। ਖੇਤ ਵਿੱਚ ਮਿੱਟੀ ਤੋਂ ਫੈਲਣ ਵਾਲੀਆਂ ਬਿਮਾਰੀਆਂ ਦੇ ਕਣ ਨਹੀਂ ਹੋਣੇ ਚਾਹੀਦੇ। ਖੇਤ ਦੀ ਚੋਣ ਵੇਲੇ ਇਸ ਗੱਲ ਦਾ ਖਾਸ ਖਿਆਲ ਰੱਖੋ ਕਿ ਪਿਛਲੇ ਸਾਲ ਉਸ ਖੇਤ ਵਿੱਚ ਇਸੇ ਫਸਲ ਦੀ ਕੋਈ ਹੋਰ ਕਿਸਮ ਨਾ ਬੀਜੀ ਹੋਵੇ। ਜਿਸ ਜਗ੍ਹਾ ਪਿਛਲੇ ਸਾਲ ਝੋਨਾ ਝਾੜਿਆ ਹੋਵੇ ਉਸ ਜਗ੍ਹਾ ਝੋਨੇ ਜਾਂ ਬਾਸਮਤੀ ਦੇ ਬੀਜ ਉਤਪਾਦਨ ਲਈ ਪਨੀਰੀ ਨਾ ਬੀਜੋ। ਜਿਨ੍ਹਾਂ ਖੇਤਾਂ ਵਿਚ ਝੋਨੇ ਅਤੇ ਬਾਸਮਤੀ ਦੀ ਹਰ ਸਾਲ ਕਾਸ਼ਤ ਕੀਤੀ ਜਾਂਦੀ ਹੈ ਉਨ੍ਹਾਂ ਖੇਤਾਂ ਵਿਚ ਬੀਜ ਵਾਲੀ ਫਸਲ ਨੂੰ ਸਿੱਧੀ ਬਿਜਾਈ ਨਾਲ ਨਹੀਂ ਬੀਜਣਾਂ ਚਾਹੀਦਾ ਕਿਉਂਕਿ ਇਸ ਬਿਜਾਈ ਨਾਲ ਖੇਤ ਵਿੱਚ ਆਪ ਉੱਗੇ ਬੂਟੇ ਆਉਣ ਦੀ ਸੰਭਾਵਨਾ ਜਿਆਦਾ ਹੁੰਦੀ ਹੈ।

ਸਹੀ ਬੀਜ ਦੀ ਚੋਣ: ਬੀਜ ਉਤਪਾਦਨ ਲਈ ਮੁਢਲੀ (ਫਾਉਂਡੇਸ਼ਨ) ਸ਼੍ਰੇਣੀ ਦਾ ਬੀਜ ਵਰਤੋ। ਬੀਜ ਕਿਸੇ ਸਰਕਾਰੀ, ਅਰਧ ਸਰਕਾਰੀ ਜਾਂ ਭਰੋਸੇਮੰਦ ਪ੍ਰਾਈਵੇਟ ਅਦਾਰੇ ਤੋਂ ਹੀ ਖਰੀਦੋ। ਬੀਜ ਖਰੀਦਣ ਲੱਗਿਆਂ ਬੀਜ ਦੀ ਸ਼੍ਰੇਣੀ ਦੇਖ ਕੇ ਖਰੀਦੋ ਅਤੇ ਬੀਜ ਦੀ ਉੱਗਣ ਸ਼ਕਤੀ ਦੀ ਪਰਖ ਰਿਪੋਰਟ ਅਤੇ ਉਤਪਾਦਨ ਸਾਲ ਬਾਰੇ ਜਾਣਕਾਰੀ ਜਰੂਰ ਲਓ। ਮੁਢਲੇ ਬੀਜ ਦੀ ਪ੍ਰਾਪਤੀ ਤੋਂ ਬਾਅਦ ਪੰਜਾਬ ਸਟੇਟ ਸੀਡ ਸਰਟੀਫਿਕੇਸ਼ਨ ਅਥਾਰਟੀ (ਬੀਜ ਪ੍ਰਮਾਣਣ ਸੰਸਥਾ) ਦੇ ਖੇਤਰੀ ਦਫਤਰ ਨਾਲ ਸੰਪਰਕ ਕੀਤਾ ਜਾਂਦਾ ਹੈ ਅਤੇ ਬੀਜ ਉਤਪਾਦਨ ਵਾਲੇ ਰਕਬੇ ਦਾ ਪੰਜੀਕਰਣ ਕਰਵਾ ਲਿਆ ਜਾਂਦਾ ਹੈ। ਪੰਜੀਕਰਣ ਸਮੇਂ ਮੁਢਲੇ ਬੀਜ ਦਾ ਬਿੱਲ ਅਤੇ ਬੋਰੀਆਂ ਉਪਰ ਲਗੇ ਟੈਗ ਆਦਿ ਦੇਖੇ ਜਾਂਦੇ ਹਨ ਤਾਂ ਕਿ ਸੁਨਿਸਚਿਤ ਕੀਤਾ ਜਾ ਸਕੇ ਕਿ ਵਰਤੇ ਜਾਣ ਵਾਲਾ ਬੀਜ ਵਾਕਿਆ ਹੀ ਮੁਢਲਾ ਹੈ। ਪੰਜੀਕਰਣ ਵਾਸਤੇ ਨਿਸਚਿਤ ਅਰਜੀ ਫੀਸ ਅਤੇ ਨਿਰੀਖਣ ਫੀਸ ਜਮਾਂ ਕਰਵਾਉਣੀ ਪੈਂਦੀ ਹੈ।

ਰਾਖਵੀਂ ਦੂਰੀ ਜਾਂ ਨਿਖੇੜਣ ਫਾਸਲਾ: ਬੀਜ ਵਾਲੀ ਫਸਲ ਇਸੇ ਫਸਲ ਦੇ ਦੂਜੇ ਖੇਤਾਂ ਤੋਂ ਘੱਟ ਤੋਂ ਘੱਟ ਇੱਕ ਨਿਰਧਾਰਤ ਦੂਰੀ ਤੇ ਹੋਣੀ ਚਾਹੀਦੀ ਹੈ ਜਿਸਨੂੰ ਰਾਖਵੀਂ ਦੂਰੀ ਜਾਂ ਨਿਖੇੜਣ ਫਾਸਲਾ ਕਿਹਾ ਜਾਂਦਾ ਹੈ। ਇਹ ਨਿਖੇੜਣ ਫਾਸਲਾ ਕੇਂਦਰੀ ਬੀਜ ਪ੍ਰਮਾਣਨ ਸੰਸਥਾ

ਵੱਲੋਂ ਨਿਰਧਾਰਤ (ਸਾਰਣੀ 4) ਕੀਤਾ ਜਾਂਦਾ ਹੈ। ਝੋਨੇ ਅਤੇ ਬਾਸਮਤੀ ਦੀ ਫਸਲ ਵਿੱਚ ਸਵੈ-ਪਰਾਗਣ ਹੁੰਦਾ ਹੈ ਇਸ ਲਈ ਸ਼ੁੱਧ ਬੀਜ ਹਾਸਲ ਕਰਨ ਲਈ ਦੂਜੀਆਂ ਕਿਸਮਾਂ ਦੇ ਖੇਤਾਂ ਤੋਂ ਤਿੰਨ ਮੀਟਰ ਦਾ ਨਿਖੇੜਣ ਫਾਸਲਾ ਕਾਫੀ ਹੈ।

**ਬੀਜ ਦੀ ਮਾਤਰਾ ਤੇ ਸੋਧ:** ਟੱਬ ਜਾਂ ਬਾਲਟੀ ਵਿੱਚ ਲੋੜ ਅਨੁਸਾਰ ਬੀਜ ਨੂੰ ਪਾਣੀ ਵਿੱਚ ਪਾਉ ਅਤੇ ਚੰਗੀ ਤਰ੍ਹਾਂ ਹਿਲਾਉ। ਪਾਣੀ ਉੱਤੇ ਤਰਨ ਵਾਲੇ ਹਲਕੇ ਬੀਜ ਨੂੰ ਬਾਹਰ ਸੁੱਟ ਦਿਉ। ਅੱਠ ਕਿਲੋ ਭਾਰੇ ਬੀਜ ਨਾਲ ਬੀਜੀ ਪਨੀਰੀ ਇੱਕ ਏਕੜ ਲਈ ਕਾਫੀ ਹੰਦੀ ਹੈ ਅਤੇ ਪਨੀਰੀ ਦੇ ਬੂਟੇ ਨਰੋਏ ਅਤੇ ਇੱਕੋ ਜਿਹੇ ਹੁੰਦੇ ਹਨ। ਚੁਣਿਆ ਹੋਇਆ ਬੀਜ 20 ਗ੍ਰਾਮ ਬਾਵਿਸਟਨ 50 ਡਬਲਯੂ ਪੀ ਅਤੇ ਇੱਕ ਗ੍ਰਾਮ ਸਟਰੈਪਟੋਸਾਈਕਲੀਨ ਦੇ 10 ਲਿਟਰ ਪਾਣੀ ਦੇ ਘੋਲ ਵਿੱਚ 8-10 ਘੰਟੇ ਲਈ ਭਿਉਂ ਲਉ।

- ਬਾਸਮਤੀ ਨੂੰ ਪੈਰਾਂ ਦੇ ਗਲਣ ਦੇ ਰੋਗ ਤੋਂ ਬਚਾਉਣ ਲਈ ਬੀਜ ਨੂੰ ਬੀਜਣ ਤੋਂ ਪਹਿਲਾਂ ਬਾਵਿਸਟਨ 50 ਡਬਲਯੂ ਪੀ 0.2% (20 ਗ੍ਰਾਮ)+ ਸਟਰੈਪਟੋ-ਸਾਈਕਲੀਨ 0.01% (ਇਕ ਗ੍ਰਾਮ) 10 ਲਿਟਰ ਪਾਣੀ ਵਾਲੇ ਘੋਲ ਵਿੱਚ 12 ਘੰਟੇ ਲਈ ਭਿਉਂ ਦਿਉ। ਪਨੀਰੀ ਖੇਤ ਵਿੱਚ ਲਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਨੂੰ ਵੀ ਬਾਵਿਸਟਨ 50 ਡਬਲਯੂ ਪੀ 0.2% ਦੇ ਘੋਲ ਵਿੱਚ 6 ਘੰਟੇ ਲਈ ਡੁਬੋ ਲਵੋ।
- ਜਾਂ ਬੀਜ ਨੂੰ ਬੀਜਣ ਤੋਂ ਪਹਿਲਾਂ ਬਾਵਿਸਟਨ 0.05%+ ਸਟਰੈਪਟੋ-ਸਾਈਕਲੀਨ 0.01% ਵਾਲੇ ਘੋਲ ਵਿੱਚ 12 ਘੰਟੇ ਲਈ ਡੁਬੋ ਲਉ। ਫਿਰ ਬੀਜਣ ਤੋਂ ਪਹਿਲਾਂ ਟ੍ਰਾਈਕੋਡਰਮਾ ਹਰਜੀਐਨਮ 15 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਉ। ਪਨੀਰੀ ਖੇਤ ਵਿੱਚ ਲਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਵੀ ਟ੍ਰਾਈਕੋਡਰਮਾ ਹਰਜੀਐਨਮ 15 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਘੋਲ ਵਿੱਚ 6 ਘੰਟੇ ਲਈ ਡੁਬੋ ਲਵੋ।

**ਬਿਮਾਰੀਆਂ ਦੀ ਸਰਵਪੱਖੀ ਰੋਕਥਾਮ ਲਈ ਕੁਝ ਨੁਕਤੇ:**

- ਬਿਮਾਰੀ ਦਾ ਟਾਕਰਾ ਕਰਣ ਦੀ ਸਮਰੱਥਾ ਰੱਖਣ ਵਾਲੀ ਕਿਸਮ ਦੀ ਚੋਣ।
- ਬੀਜ ਦਾ ਬਿਮਾਰੀ ਰਹਿਤ ਹੋਣਾ।
- ਬੀਜ ਦੀ ਸੋਧ।
- ਬੀਜ ਦੀ ਸੋਧ ਦਾ ਸਹੀ ਢੰਗ।
- ਬਿਜਾਈ ਦਾ ਢੰਗ ਅਤੇ ਸਮਾਂ।
- ਪਾਣੀ ਅਤੇ ਖਾਦਾਂ ਦੀ ਸੰਤੁਲਿਤ ਵਰਤੋਂ।
- ਖੇਤ ਨੂੰ ਫਸਲ ਦੀ ਰਹਿੰਦ-ਖੂੰਹਦ ਅਤੇ ਨਦੀਨਾਂ ਤੋਂ ਰਹਿਤ ਰੱਖਣਾ।
- ਛਿੜਕਾਅ ਲਈ ਸਹੀ ਨੋਜ਼ਲ ਅਤੇ ਪਾਣੀ ਦੀ ਵਰਤੋਂ।
- ਸਹੀ ਸਮੇਂ ਤੇ ਉੱਲੀ ਨਾਸ਼ਕ ਦਵਾਈਆਂ ਦਾ ਛਿੜਕਾਅ।

**ਬੀਜਾਂ ਤੋਂ ਫੈਲਣ ਵਾਲੇ ਝੋਨੇ ਅਤੇ ਬਾਸਮਤੀ ਦੇ ਪ੍ਰਮੁੱਖ ਰੋਗ:**

**ਝੁਲਸ ਰੋਗ:** ਇਹ ਇੱਕ ਜਿਵਾਣੂ ਰੋਗ ਹੈ। ਰੋਗੀ ਬੂਟੇ ਵਿੱਚ ਪੱਤਿਆਂ ਤੇ ਹਰੀਆਂ-ਪੀਲੀਆਂ ਧਾਰੀਆਂ ਨੋਕ ਵਲੋਂ ਪੱਤੇ ਦੇ ਨਾਲ-ਨਾਲ ਬਣ ਜਾਂਦੀਆਂ ਹਨ ਜੋ ਲੰਬਾਈ ਤੇ ਚੌੜਾਈ ਵਿੱਚ ਵੱਧਦੀਆਂ ਹਨ। ਪੱਤਾ ਨੋਕ ਵਲੋਂ ਮੁੜਦਾ ਹੈ ਅਤੇ ਚਿੱਟਾ ਹੋ ਕੇ ਸੁੱਕ ਜਾਂਦਾ ਹੈ। ਭਾਰੀ

ਮਾਤਰਾ ਵਿੱਚ ਮੀਂਹ ਪੈਣਾ ਅਤੇ ਤੇਜ ਹਵਾਵਾਂ ਬਿਮਾਰੀ ਵਧਾਉਂਦੀਆਂ ਹਨ ਖਾਸ ਕਰਕੇ ਅਗਸਤ ਮਹੀਨੇ ਵਿੱਚ। ਜੇ ਤਾਪਮਾਨ $20^{\circ}$ ਸੈਂਟੀਗਰੇਡ ਤੋਂ ਘੱਟ ਜਾਵੇ ਤਾਂ ਬਿਮਾਰੀ ਦਾ ਵਾਧਾ ਰੁੱਕ ਜਾਂਦਾ ਹੈ।



**ਖੇਤ ਵਿੱਚ ਝੁਲਸ ਰੋਗ ਦਾ ਹਮਲਾ**

ਰੋਕਥਾਮ: ਬੀਜ ਨੂੰ ਸੋਧ ਕੇ ਬੀਜੋ (ਬਾਵਿਸਟਿਨ 20 ਗ੍ਰਾਮ + ਸਟਰੈਪਟੋ-ਸਾਈਕਲਿਨ 1 ਗ੍ਰਾਮ, ਪਾਣੀ 10 ਲਿਟਰ, ਸਮਾਂ 8-10 ਘੰਟੇ)। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਸਿਫਾਰਿਸ਼ ਕੀਤੀਆਂ ਇਸ ਬਿਮਾਰੀ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਬੀਜੋ। ਨਾਈਟ੍ਰੋਜਨ ਤੱਤ ਦੀ ਜਿਆਦਾ ਵਰਤੋਂ ਨਾ ਕਰੋ ਅਤੇ ਖੇਤ ਵਿੱਚ ਪਾਣੀ ਖੜਾ ਨਾ ਰੱਖੋ। ਝੋਨੇ ਦੀ ਪਨੀਰੀ ਅਤੇ ਫਸਲ ਛਾਂ ਹੇਠ ਨਹੀਂ ਬੀਜਣੀ ਚਾਹੀਦੀ ਅਤੇ ਝੋਨੇ ਦੀ ਫਸਲ ਤੂੜੀ ਦੇ ਕੁੱਪਾਂ ਨੇੜੇ ਨਾ ਬੀਜੋ।

ਝੂਠੀ ਕਾਂਗਿਆਰੀ: ਇਸ ਰੋਗ ਵਿੱਚ ਦਾਣਿਆਂ ਦੀ ਥਾਂ ਹਰੇ ਰੰਗ ਦੀ ਧੂੜੇਦਾਰ ਉੱਲੀ ਦੇ ਗੋਲੇ ਬਣ ਜਾਂਦੇ ਹਨ। ਫਸਲ ਨਿਸਰਨ ਸਮੇਂ ਜੇ ਮੀਂਹ, ਬੱਦਲਵਾਈ ਅਤੇ ਵਧੇਰੇ ਸਿੱਲ ਰਹੇ ਤਾਂ ਬਿਮਾਰੀ ਜਿਆਦਾ ਲੱਗਦੀ ਹੈ। ਨਾਈਟ੍ਰੋਜਨ ਦੀ ਵਧੇਰੀ ਖਾਦ ਬਿਮਾਰੀ ਦਾ ਵਾਧਾ ਕਰਦੀ ਹੈ। ਬਿਨ੍ਹਾਂ ਸਿਫਾਰਿਸ਼ ਕੀਤੀਆਂ ਕਿਸਮਾਂ ਤੇ ਇਹ ਬਿਮਾਰੀ ਜਿਆਦਾ ਆਉਂਦੀ ਹੈ।

ਰੋਕਥਾਮ: ਨਾਈਟ੍ਰੋਜਨ ਖਾਦ ਦੀ ਵਧੇਰੇ



**ਝੋਨੇ ਦੀ ਝੂਠੀ ਕਾਂਗਿਆਰੀ**

ਵਰਤੋਂ ਨਾ ਕਰੋ। ਕੋਸਾਈਡ 46 ਡੀ. ਐਫ. ਜਾਂ ਬਲਾਈਟੌਕਸ 50 ਡਬਲਯੂ ਪੀ 500 ਗ੍ਰਾਮ ਦਵਾਈ 200 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਪਹਿਲਾ ਛਿੜਕਾਅ ਫਸਲ ਦੀ ਗੋਭ ਅਵਸਥਾ ਵਿੱਚ ਕਰੋ। ਦੂਜਾ ਛਿੜਕਾਅ 10 ਦਿਨਾਂ ਬਾਅਦ ਟਿਲਟ 200 ਮਿਲੀਲਿਟਰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ।

ਬਕਾਨੀ ਜਾਂ ਪੈਰ ਗਲਣ ਦਾ ਰੋਗ: ਬਿਮਾਰੀ ਵਾਲੇ ਬੂਟੇ ਪੀਲੇ ਪੈ ਜਾਂਦੇ ਹਨ



**ਖੇਤ ਵਿੱਚ ਬਿਮਾਰੀ ਨਾਲ ਲੰਬੇ ਹੋਏ ਬੂਟੇ**

ਅਤੇ ਲੰਬੇ ਹੋ ਕੇ ਸੁੱਕ ਜਾਂਦੇ ਹਨ। ਰੋਗੀ ਬੂਟਿਆਂ ਦੀਆਂ ਹੇਠਲੀਆਂ ਪੋਰੀਆਂ ਤੋਂ ਜੜ੍ਹਾਂ ਨਿਕਲ ਆਉਂਦੀਆਂ ਹਨ। ਬਿਮਾਰੀ ਵਾਲੇ ਬੂਟਿਆਂ ਉੱਪਰ ਚਿੱਟੀ ਜਾਂ ਗੁਲਾਬੀ ਰੰਗ ਦੀ ਉੱਲੀ ਦਿਖਾਈ ਦਿੰਦੀ ਹੈ। ਬਿਮਾਰੀ ਬੀਜ ਅਤੇ ਮਿੱਟੀ ਰਾਹੀਂ ਫੈਲਦੀ ਹੈ।



**ਬਾਸਮਤੀ ਦਾ ਪੈਰ ਗਲਣਾ (ਅੱਖਾਂ ਤੋਂ ਜੜ੍ਹਾਂ ਦਾ ਫੁਟਾਰਾ)**

ਰੋਕਥਾਮ:

- ਰੋਗ ਰਹਿਤ ਬੀਜ ਬੀਜੋ।
- ਬੀਜਣ ਤੋਂ ਪਹਿਲਾਂ ਬੀਜ ਅਤੇ ਪਨੀਰੀ ਦੀ ਸੋਧ ਕਰੋ।
- ਪਨੀਰੀ ਅਤੇ ਖੇਤ ਵਿੱਚੋਂ ਬਿਮਾਰੀ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦਿਓ।
- ਪਿਛਲੇ ਸਾਲ ਜਿਨ੍ਹਾਂ ਖੇਤਾਂ ਵਿੱਚ ਬਿਮਾਰੀ ਆਈ ਹੋਵੇ ਉਨ੍ਹਾਂ ਵਿੱਚ ਬਾਸਮਤੀ ਨਾ ਲਗਾਓ।
- ਬਿਮਾਰੀ ਵਾਲੀ ਫਸਲ ਤੋਂ ਬੀਜ ਨਾ ਰੱਖੋ।
- ਫਸਲ ਤੇ ਟਿਲਟ 25 ਈ ਸੀ ਦਾ ਛਿੜਕਾਅ (200 ਮਿਲੀਲਿਟਰ 200 ਲਿਟਰ ਪਾਣੀ ) ਫਸਲ ਦੇ ਨਿਸਰਣ ਸਮੇਂ ਕਰੋ।

ਝੋਨੇ ਦੀ ਬੰਟ: ਇਸ ਬਿਮਾਰੀ ਕਾਰਨ ਸਿੱਟੇ ਵਿੱਚ ਕੁਝ ਦਾਣੇ ਅਤੇ ਉਹਨਾਂ ਦਾਣਿਆਂ ਦਾ ਕੁਝ ਹਿੱਸਾ ਕਾਲੇ ਪਾਊਡਰ ਵਿੱਚ ਬਦਲ ਜਾਂਦਾ ਹੈ ਅਤੇ ਪੱਤਿਆਂ ਉੱਤੇ ਸੁਰਮੇਂ ਵਾਂਗ ਫੈਲਿਆ ਨਜ਼ਰ ਆਉਂਦਾ ਹੈ।



**ਝੋਨੇ ਦੀ ਬੰਟ**

ਪਨੀਰੀ ਉਗਾਉਣਾ: ਝੋਨੇ ਦੀ ਪਨੀਰੀ ਦੀ ਬਿਜਾਈ ਵਾਸਤੇ ਮਈ ਮਹੀਨੇ ਦਾ ਦੂਜਾ ਪੰਦਰਵਾੜਾ ਅਤੇ ਬਾਸਮਤੀ ਦੀਆਂ ਪੰਜਾਬ ਮਹਿਕ-1, ਪੂਸਾ ਬਾਸਮਤੀ 1121, ਪੰਜਾਬ ਬਾਸਮਤੀ 3, ਪੰਜਾਬ ਬਾਸਮਤੀ 2 ਕਿਸਮਾਂ ਦੀ ਬਿਜਾਈ ਵਾਸਤੇ ਜੂਨ ਮਹੀਨੇ ਦਾ ਪਹਿਲਾ ਪੰਦਰਵਾੜਾ ਅਤੇ ਪੂਸਾ ਬਾਸਮਤੀ 1509, ਬਾਸਮਤੀ 386, ਬਾਸਮਤੀ 370 ਕਿਸਮਾਂ ਦੀ ਬਿਜਾਈ ਵਾਸਤੇ ਜੂਨ ਮਹੀਨੇ ਦਾ ਦੂਜਾ ਪੰਦਰਵਾੜਾ ਉਤਮ ਸਮਾਂ ਹੈ।

ਇੱਕ ਏਕੜ ਦੇ ਹਿਸਾਬ ਨਾਲ 12-15 ਟਨ ਗਲੀ-ਸੜੀ ਰੂੜੀ ਖੇਤ ਵਿੱਚ ਰਲਾਕੇ ਖੇਤ ਨੂੰ ਪਾਣੀ ਦੇ ਦਿਉ ਤਾਂ ਕਿ ਨਦੀਨ ਉੱਗ ਪੈਣ। ਇੱਕ ਹਫਤੇ ਬਾਅਦ ਖੇਤ ਨੂੰ ਦੋ ਵਾਰ ਵਾਹੋ ਅਤੇ ਪਨੀਰੀ ਬੀਜਣ ਸਮੇਂ ਕੱਦੂ ਦੀ ਆਖਰੀ ਵਾਹੀ ਤੇ 18 ਕਿਲੋ ਯੂਰੀਆ ਅਤੇ 21 ਕਿਲੋ ਡਾਈਅਮੋਨੀਅਮ ਫਾਸਫੇਟ (DAP) ਪ੍ਰਤੀ ਏਕੜ ਦੇ ਹਿਸਾਬ ਪਾਓ। ਸਿਹਤਮੰਦ ਪਨੀਰੀ ਲਈ 40 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਜਾਂ

25.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ ਪ੍ਰਤੀ ਏਕੜ ਪਾਓ।

ਸੋਧੇ ਹੋਏ ਭਿੱਜੇ ਬੀਜ ਨੂੰ ਗਿੱਲੀਆਂ ਬੋਰੀਆਂ ਉਪਰ 7-8 ਸੈਂਟੀਮੀਟਰ ਮੋਟੀ ਤਹਿ ਵਿੱਚ ਖਿਲਾਰ ਦਿਉ ਅਤੇ ਉੱਪਰੋਂ ਗਿੱਲੀਆਂ ਬੋਰੀਆਂ ਨਾਲ ਢੱਕ ਦਿਉ। ਢੱਕੇ ਹੋਏ ਬੀਜ ਉਪਰ ਸਮੇਂ-ਸਮੇਂ ਸਿਰ ਪਾਣੀ ਛਿੜਕ ਕੇ ਬੀਜ ਨੂੰ ਗਿੱਲਾ ਰੱਖੋ। ਇਸ ਤਰ੍ਹਾਂ 24 ਤੋਂ 36 ਘੰਟੇ ਦੇ ਅੰਦਰ ਬੀਜ ਪੁੰਗਰ ਪਵੇਗਾ। ਹਰੇਕ ਕਿਆਰੇ (10×2 ਮੀਟਰ) ਵਿੱਚ ਇੱਕ ਕਿੱਲੋ ਸੋਧਿਆ ਤੇ ਪੁੰਗਰਿਆ ਬੀਜ ਬੀਜੋ। ਜ਼ਮੀਨ ਨੂੰ ਬਾਰ-ਬਾਰ ਪਾਣੀ ਲਾ ਕੇ ਗਿੱਲਾ ਰੱਖੋ। ਪਨੀਰੀ ਬੀਜਣ ਤੋਂ 15 ਦਿਨ ਬਾਅਦ 26 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਉ। 25-30 ਦਿਨਾਂ ਦੀ ਜਾਂ 6-7 ਪੱਤਿਆਂ ਵਾਲੀ ਜਾਂ 20-25 ਸੈਂਟੀਮੀਟਰ ਉੱਚੀ ਪਨੀਰੀ ਲਾਉਣੀ ਚਾਹੀਦੀ ਹੈ। ਜੇਕਰ ਪਨੀਰੀ ਦੇ ਨਵੇਂ ਪੱਤੇ ਪੀਲੇ ਪੈ ਜਾਣ ਤਾਂ 0.5 ਤੋਂ 1 ਕਿਲੋ ਫੈਰਸ ਸਲਫੇਟ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਹਫਤੇ-ਹਫਤੇ ਦੇ ਫਰਕ ਤੇ ਤਿੰਨ ਛਿੜਕਾਅ ਕਰੋ। ਜੇਕਰ ਪਨੀਰੀ ਤੇ ਜ਼ਿੰਕ ਦੀ ਘਾਟ ਜਾਪੇ ਤਾਂ 0.5 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਜਾਂ 300 ਗ੍ਰਾਮ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ।

ਸਾਰਣੀ 4: ਪ੍ਰਮਾਣਿਤ ਬੀਜ ਵਾਸਤੇ ਖੇਤਾਂ ਦੇ ਮਾਪਦੰਡ

| ਦੋਸ਼ਕਾਰੀ ਪਦਾਰਥ | ਘੱਟੋ-ਘੱਟ ਦੂਰੀ (ਮੀਟਰ) |
|---|---|
| ਦੂਜੀਆਂ ਕਿਸਮਾਂ ਦੇ ਖੇਤ | 3 |
| ਪ੍ਰਮਾਣਨ ਵਾਸਤੇ ਕਿਸਮ ਦੀ ਸ਼ੁੱਧਤਾ ਲੋੜਾਂ ਨਾਲ ਬੇਮੇਲ ਉਸੇ ਕਿਸਮ ਦੇ ਖੇਤ | 3 |

ਸਾਰਣੀ 5: ਅਖੀਰਲੇ ਨਿਰੀਖਣ ਵੇਲੇ ਪੂਰੀਆਂ ਕੀਤੀਆਂ ਜਾਣ ਵਾਲੀਆਂ ਵਿਸ਼ੇਸ਼ ਲੋੜਾਂ

| ਤੱਤ | ਵੱਧ ਤੋਂ ਵੱਧ ਮਨਜ਼ੂਰਸ਼ੁਦਾ (%) |
|---|---|
| ਓਪਰੇ ਬੂਟੇ | 0.20 |
| ਜੰਗਲੀ ਝੋਨੇ ਵਰਗੇ ਇਤਰਾਜਯੋਗ ਨਦੀਨ | 0.02 |

ਪਨੀਰੀ ਦੀ ਲੁਆਈ: ਪੌਦਿਆਂ ਨੂੰ ਪੁੱਟਣ ਤੋਂ ਪਹਿਲਾਂ ਪਨੀਰੀ ਨੂੰ ਪਾਣੀ ਲਾ ਦਿਓ। ਚੰਗੇ ਕੱਦੂ ਕੀਤੇ ਖੇਤ ਵਿੱਚ ਇੱਕ ਥਾਂ ਕੇਵਲ ਇਕ ਪੌਦਾ ਲਾਉ ਅਤੇ ਲਾਈਨਾਂ ਤੇ ਬੂਟਿਆਂ ਵਿਚਕਾਰ ਫਾਸਲਾ 20×15 ਸੈਂਟੀਮੀਟਰ (33 ਬੂਟੇ ਪ੍ਰਤੀਵਰਗ ਮੀਟਰ) ਰੱਖੋ। ਬੂਟੇ ਸਿੱਧੇ ਉੱਪਰ ਨੂੰ ਅਤੇ 2-3 ਸੈਂਟੀਮੀਟਰ ਡੂੰਘੇ ਲਾਓ। ਇਸ ਤਰ੍ਹਾਂ ਕਰਨ ਨਾਲ ਬੂਟੇ ਚੰਗੀ ਤਰ੍ਹਾਂ ਵਿਕਸਤ ਹੋਣਗੇ ਅਤੇ ਉਹਨਾਂ ਨੂੰ ਇਕ ਸਾਰ ਸਿੱਟੇ ਪੈਣਗੇ। ਇਸ ਤੋਂ ਇਲਾਵਾ ਬੀਜ ਵਾਲੀ ਫਸਲ ਨੂੰ ਹਮੇਸ਼ਾ ਕਤਾਰਾਂ ਵਿੱਚ ਹੀ ਬੀਜਣਾ ਚਾਹੀਦਾ ਹੈ। ਕਤਾਰਾਂ ਵਿੱਚ ਬੀਜਣ ਨਾਲ ਓਪਰੇ ਬੂਟੇ ਕੱਢਣੇ ਅਤੇ ਫਸਲ ਦਾ ਨਿਰੀੱਖਣ ਕਰਨਾ ਸੌਖਾ ਹੋ ਜਾਂਦਾ ਹੈ।

ਝੋਨੇ ਦੀਆਂ ਸਿਫਾਰਸ਼ ਕੀਤੀਆਂ ਜਾਣ ਵਾਲੀਆਂ ਸਾਰੀਆਂ ਕਿਸਮਾਂ ਵਾਸਤੇ ਜੂਨ ਮਹੀਨੇ ਦਾ ਦੂਜਾ ਪੰਦਰਵਾੜਾ ਅਤੇ ਬਾਸਮਤੀ ਦੀਆਂ ਪੰਜਾਬ ਮਹਿਕ-1, ਪੂਸਾ


Crop — LABEL No. A — № X26853
Variety
Class of seed — Breeder seed
Lot No.
Date of test
* Pure seed : %
* Inert matter : %
* Germination : %
* Genetic purity : %
Producing institution : Punjab Agricultural University, Ludhiana.
(Name and address)
* Based on actuals

ਬ੍ਰੀਡਰ ਬੀਜ ਦੇ ਟੈਗ ਦਾ ਨਮੂਨਾ

ਬਾਸਮਤੀ 1121, ਪੰਜਾਬ ਬਾਸਮਤੀ 3, ਪੰਜਾਬ ਬਾਸਮਤੀ 2 ਕਿਸਮਾਂ ਦੀ ਪਨੀਰੀ ਦੀ ਲੁਆਈ ਵਾਸਤੇ ਜੁਲਾਈ ਮਹੀਨੇ ਦਾ ਪਹਿਲਾ ਪੰਦਰਵਾੜਾ ਅਤੇ ਪੂਸਾ ਬਾਸਮਤੀ 1509, ਬਾਸਮਤੀ 386, ਬਾਸਮਤੀ 370 ਕਿਸਮਾਂ ਦੀ ਪਨੀਰੀ ਦੀ ਲੁਆਈ ਵਾਸਤੇ ਜੁਲਾਈ ਮਹੀਨੇ ਦਾ ਦੂਜਾ ਪੰਦਰਵਾੜਾ ਉੱਤਮ ਸਮਾਂ ਹੈ।

ਫਸਲ ਦੀ ਨਿਗਰਾਨੀ: ਫਸਲ ਦੇ ਠੀਕ ਵਾਧੇ ਅਤੇ ਪੂਰੇ ਝਾੜ ਲਈ ਖੇਤ ਵਿੱਚ ਲਗਾਤਾਰ ਪਾਣੀ ਖੜ੍ਹਾ ਰੱਖਣਾ ਜਰੂਰੀ ਨਹੀਂ। ਪਨੀਰੀ ਲਾਉਣ ਪਿੱਛੋਂ 2 ਹਫਤੇ ਤੱਕ ਪਾਣੀ ਖੇਤ ਵਿੱਚ ਖੜ੍ਹਾ ਰੱਖੋ। ਇਸ ਪਿੱਛੋਂ ਪਾਣੀ ਉਸ ਵੇਲੇ ਦਿਉ ਜਦੋਂ ਖੇਤ ਵਿਚਲਾ ਪਹਿਲਾ ਪਾਣੀ ਜਜ਼ਬ ਹੋਏ ਨੂੰ ਦੋ ਦਿਨ ਹੋ ਗਏ ਹੋਣ ਪਰ ਇਸ ਗੱਲ ਦਾ ਧਿਆਨ ਰੱਖੋ ਕਿ ਜ਼ਮੀਨ ਵਿੱਚ ਤ੍ਰੇੜਾਂ ਨਾ ਪੈਣ। ਇਸ ਤਰ੍ਹਾਂ ਸਿੰਚਾਈ ਵਾਲੇ ਪਾਣੀ ਦੀ ਕਾਫੀ ਬੱਚਤ ਹੋ ਜਾਂਦੀ ਹੈ ਅਤੇ ਫਸਲ ਦੇ ਝਾੜ ਤੇ ਵੀ ਕੋਈ ਮਾੜਾ ਅਸਰ ਨਹੀਂ ਪੈਂਦਾ। ਨਦੀਨਾਂ ਦੀ ਢੁਕਵੀਂ ਰੋਕਥਾਮ ਵਾਸਤੇ ਖੜ੍ਹੇ ਪਾਣੀ ਵਿੱਚ ਨਦੀਨ ਨਾਸ਼ਕ ਦਵਾਈਆਂ ਦੀ ਵਰਤੋਂ ਸਮੇਂ ਸਿਰ ਕਰੋ। ਫਸਲ ਪੱਕਣ ਤੋਂ ਦੋ ਹਫਤੇ ਪਹਿਲਾਂ ਪਾਣੀ ਦੇਣਾ ਬੰਦ ਕਰ ਦਿਓ ਤਾਂ ਕਿ ਕਟਾਈ ਸੌਖੀ ਹੋ ਸਕੇ। ਇਸ ਤਰਾਂ ਕਰਨ ਨਾਲ ਝੋਨੇ ਪਿੱਛੋਂ ਬੀਜਣ ਵਾਲੀ ਹਾੜ੍ਹੀ ਦੀ ਫਸਲ ਵੀ ਵੇਲੇ ਸਿਰ ਬੀਜੀ ਜਾ ਸਕੇਗੀ।

ਬੀਜ ਫਸਲ ਦਾ ਨਿਰੀਖਣ: ਇਹ ਕਿਸੇ ਵੀ ਬੀਜ ਉਤਪਾਦਨ ਪ੍ਰੋਗਰਾਮ ਦੀ ਰੀੜ੍ਹ ਦੀ ਹੱਡੀ ਹੈ। ਬੀਜ ਵਾਲੀ ਫਸਲ ਦਾ, ਪੈਦਾਵਾਰ ਦੇ ਭਿੰਨ-ਭਿੰਨ ਪੜਾਵਾਂ ਉਪਰ ਨਿਰੀਖਣ ਕੀਤਾ ਜਾਣਾਂ ਚਾਹੀਦਾ ਹੈ ਤਾਂ ਕਿ ਓਪਰੇ, ਬਿਮਾਰੀ ਵਾਲੇ, ਨਦੀਨਾਂ ਅਤੇ ਦੂਜੀਆਂ ਫਸਲਾਂ ਦੇ ਬੂਟੇ ਕੱਢੇ ਜਾ ਸਕਣ। ਆਮ ਤੌਰ ਤੇ ਨਿਰੀੱਖਣ ਫਸਲ ਦੇ ਹੇਠ ਲਿਖੇ ਪੜਾਵਾਂ ਤੇ ਕੀਤਾ ਜਾਂਦਾ ਹੈ:

1. **ਪੌਦੇ ਵਧਣ-ਫੁੱਲਣ ਵੇਲੇ, ਸਿੱਟੇ ਨਿਕਲਣ ਤੋਂ ਪਹਿਲਾਂ:** ਜਿਹੜੇ ਬੂਟੇ ਕੱਦ ਕਾਠ, ਪੱਤਿਆਂ ਦੇ ਰੰਗ ਜਾਂ ਅਕਾਰ ਵਿੱਚ ਬਾਕੀ ਫਸਲ ਤੋਂ ਅਲੱਗ ਲੱਗਣ, ਕੱਢ ਦਿਉ।
2. **ਸਿੱਟੇ ਨਿਕਲਣ ਸਮੇਂ:** ਫੁੱਲ ਆਉਣ ਤੇ ਉਹ ਸਾਰੇ ਓਪਰੇ, ਅਗੇਤੇ ਅਤੇ ਪਿਛੇਤੇ ਬੂਟੇ ਜਿਹੜੇ ਪਹਿਲਾਂ ਨਹੀ ਕੱਢੇ ਜਾ ਸਕੇ, ਕੱਢ ਦਿਉ।
3. **ਬੀਜ ਫਸਲੇ ਪੱਕਣ ਸਮੇਂ, ਕਟਾਈ ਤੋਂ ਪਹਿਲਾਂ:** ਫਸਲ ਪੱਕਣ ਤੇ ਵੀ ਜੇ ਕੋਈ ਓਪਰਾ ਬੂਟਾ ਹੋਵੇ ਤਾਂ ਕੱਢ ਦਿਉ।

ਇਸ ਤੋਂ ਇਲਾਵਾ ਬਿਮਾਰੀ ਵਾਲੇ ਬੂਟੇ, ਹਾਨੀਕਾਰਕ ਕੀੜਿਆਂ ਦੀ ਮਾਰ ਹੇਠ ਆਏ ਬੂਟੇ ਅਤੇ ਨਦੀਨ ਵੀ ਸਮੇਂ ਸਮੇਂ ਸਿਰ ਕੱਢਦੇ ਰਹੋ। ਜੇ ਬੀਜ ਫਸਲ ਇਨ੍ਹਾਂ ਮਿਆਰਾਂ ਤੇ ਖਰੀ ਉਤਰਦੀ ਹੋਵੇ ਤਾਂ ਇਹ ਫਸਲ ਚੰਗੀ ਤਰਾਂ ਪੱਕਣ ਤੇ ਵੱਢ ਲਈ ਜਾਂਦੀ ਹੈ।

ਫਸਲ ਦੀ ਕਟਾਈ ਅਤੇ ਗਹਾਈ: ਫਸਲ ਦੀ ਕਟਾਈ ਸਮੇਂ ਫਸਲ ਪੂਰੀ ਤਰਾਂ ਪੱਕੀ ਹੋਵੇ ਅਤੇ ਇਸ ਵਿਚ ਨਮੀਂ ਦੀ ਮਾਤਰਾ ਲੋੜ ਅਨੁਸਾਰ ਹੋਵੇ। ਵਾਢੀ ਤੋਂ ਬਾਅਦ ਫਸਲ ਨੂੰ ਤਰਪਾਲ ਜਾਂ ਪੱਕੇ ਫਰਸ਼ ਤੇ ਹੀ ਝਾੜੋ। ਗਹਾਈ ਦੇ ਦੌਰਾਨ ਗਹਾਈ ਵਾਲੇ ਫਰਸ਼ਾਂ ਨੂੰ ਚੰਗੀ ਤਰ੍ਹਾਂ ਸਾਫ ਸੁਥਰਾ ਰੱਖੋ ਤਾਂ ਜੋ ਫਸਲਾਂ ਜਾਂ ਕਿਸਮਾਂ ਦੇ ਰਲਾਅ ਤੋਂ ਬਚਿਆ ਜਾ ਸਕੇ। ਧਿਆਨ ਰੱਖੋ ਕਿ ਦੋ ਕਿਸਮਾਂ ਦਾ ਬੀਜ ਹਮੇਸ਼ਾ ਵੱਖ ਵੱਖ ਥਾਵਾਂ ਤੇ ਝਾੜੋ ਤਾਂ ਕਿ ਬੀਜ ਰਲ ਨਾ ਜਾਵੇ। ਜੇ ਫਸਲ ਕੰਬਾਇਨ ਨਾਲ ਵੱਢਣੀ ਹੋਵੇ ਤਾਂ ਕੰਬਾਇਨ ਨੂੰ ਚੰਗੀ ਤਰ੍ਹਾਂ ਸਾਫ ਕਰੋ ਅਤੇ ਇਹ ਨਿਸ਼ਚਿਤ ਕਰ ਲਓ ਕਿ ਉਸ ਵਿਚ ਕਿਸੇ ਵੀ ਫਸਲ ਜਾਂ ਕਿਸਮ

ਸਾਰਣੀ 6: ਤਸਦੀਕਸ਼ੁਦਾ ਬੀਜ ਉਤਪਾਦਨ ਵਾਸਤੇ ਬੀਜਾਂ ਦੇ ਮਾਪਦੰਡ

| ਤੱਤ | ਮਾਪਦੰਡ |
|---|---|
| ਸ਼ੁੱਧ ਬੀਜ (ਘੱਟੋ-ਘੱਟ) | 98.0% |
| ਮਿੱਟੀ ਘੱਟਾ ਤੇ ਫੂਸ (ਕੂੜਾ ਕਰਕਟ) (ਵੱਧ ਤੋਂ ਵੱਧ) | 2.0% |
| ਛਿਲਕਾ ਰਹਿਤ ਬੀਜ (ਵੱਧ ਤੋਂ ਵੱਧ) | 2.0% |
| ਦੂਜੀਆਂ ਫਸਲਾਂ ਦੇ ਬੀਜ (ਵੱਧ ਤੋਂ ਵੱਧ) | 20/ ਕਿਲੋਗ੍ਰਾਮ |
| ਦੂਸਰੀਆਂ ਨਿਖੇੜਯੋਗ ਕਿਸਮਾਂ (ਵੱਧ ਤੋਂ ਵੱਧ) | 20/ ਕਿਲੋਗ੍ਰਾਮ |
| ਕੁਲ ਨਦੀਨ ਬੀਜ (ਵੱਧ ਤੋਂ ਵੱਧ) | 20/ ਕਿਲੋਗ੍ਰਾਮ |
| ਇਤਰਾਜਯੋਗ ਨਦੀਨਾਂ ਦੇ ਬੀਜ (ਵੱਧ ਤੋਂ ਵੱਧ) | 5/ ਕਿਲੋਗ੍ਰਾਮ |
| ਝੋਨੇ ਦੇ ਬੰਟ ਨਾਲ ਗ੍ਰਸੇ ਬੀਜ | 0.50% (ਗਿਣਤੀ ਵਿੱਚ) |
| ਉਗਣ ਸ਼ਕਤੀ (ਘੱਟੋ-ਘੱਟ) | 80% |
| ਨਮੀਂ (ਵੱਧ ਤੋਂ ਵੱਧ) | 13.0% |
| ਨਮੀਂ ਰਹਿਤ ਡੱਬਿਆਂ ਵਿੱਚ ਸਟੋਰ ਕਰਨ ਵਾਸਤੇ ਨਮੀਂ (ਵੱਧ ਤੋਂ ਵੱਧ) | 8.0% |

ਦਾ ਹੋਰ ਬੀਜ ਨਹੀ ਹੈ।

**ਬੀਜ ਦੀ ਸਟੋਰੇਜ:** ਫਸਲ ਦੀ ਕਟਾਈ ਤੋਂ ਲੈ ਕੇ ਅਗਲੀ ਬਿਜਾਈ ਤੱਕ ਬੀਜ ਦੀ ਤਾਕਤ ਅਤੇ ਇਸਦੀ ਪੁੰਗਰਨ ਸਮਰੱਥਾ ਨੂੰ ਬਰਕਰਾਰ ਰੱਖਣ ਵਾਸਤੇ ਬੀਜ ਦੀ ਢੁੱਕਵੀਂ ਸਾਂਭ ਸੰਭਾਲ ਬੀਜ ਉਤਪਾਦਨ ਪ੍ਰੋਗਰਾਮ ਦੀ ਸਫਲਤਾ ਦੀ ਚਾਬੀ ਹੈ।ਆਮ ਤੌਰ ਤੇ ਫਸਲ ਦੀ ਵਾਢੀ ਮੌਕੇ ਬੀਜ ਵਿੱਚ ਨਮੀ ਜ਼ਿਆਦਾ ਹੁੰਦੀ ਹੈ।ਬੀਜ ਪੈਕ ਕਰਨ ਵੇਲੇ ਇਸ ਵਿੱਚ ਨਮੀ ਦੀ ਮਾਤਰਾ 12 ਪ੍ਰਤੀਸ਼ਤ ਤੋਂ ਘੱਟ ਹੋਣੀ ਚਾਹੀਦੀ ਹੈ। ਇਸ ਲਈ ਬੀਜ ਨੂੰ ਪੈਕਿੰਗ ਤੋਂ ਪਹਿਲਾਂ ਛਾਣਨੀ ਅਤੇ ਪੱਖੇ ਦੁਆਰਾ ਚੰਗੀ ਤਰਾਂ ਸਾਫ ਕਰਕੇ ਸਾਫ ਸੁਥਰੇ ਪੱਕੇ ਫਰਸ਼ ਤੇ ਸੁਕਾ ਲਓ।ਬੀਜ ਹਮੇਸ਼ਾ ਹੀ ਸਹੀ ਤਰੀਕੇ ਨਾਲ ਪੈਕ ਕੀਤਾ ਜਾਣਾ ਚਾਹੀਦਾ ਹੈ ਅਤੇ ਉਸ ਉਪਰ ਸਹੀ ਲੇਬਲ ਲੱਗਿਆ ਹੋਣਾ ਚਾਹੀਦਾ ਹੈ ਅਤੇ ਇਕ ਲੇਬਲ ਥੈਲੀ ਦੇ ਅੰਦਰ ਵੀ ਪਾਉਣਾ ਚਾਹੀਦਾ ਹੈ ਤਾਂ ਜੋ ਦੋ ਕਿਸਮਾਂ ਮਿਕਸ ਨਾ ਹੋਣ। ਬੀਜ ਨੂੰ ਹਮੇਸ਼ਾਂ ਨਵੀਆਂ ਬੋਰੀਆਂ ਜਾਂ ਥੈਲੀਆਂ ਵਿੱਚ ਪਾਓ। ਬੀਜ ਨੂੰ ਕਦੇ ਵੀ ਖਾਦ ਵਾਲੀਆਂ ਪਲਾਸਟਿਕ ਦੀਆਂ ਬੋਰੀਆਂ ਵਿਚ ਨਾ ਪਾਓ। ਬੀਜ ਸਾਂਭਣ ਲਈ ਵਰਤਿਆ ਗਿਆ ਗੋਦਾਮ ਸਾਫ-ਸੁਥਰਾ, ਹਵਾਦਾਰ, ਸਟੋਰੇਜ ਦੌਰਾਨ ਨੁਕਸਾਨ ਕਰਨ ਵਾਲੇ ਕੀੜਿਆਂ ਅਤੇ ਚੂਹਿਆਂ ਆਦਿ ਤੋਂ ਰਹਿਤ ਅਤੇ ਠੰਡਾ ਹੋਵੇ।

ਉਪਰੋਕਤ ਨੁਕਤਿਆਂ ਨੂੰ ਅਪਣਾ ਕੇ ਇੱਕ ਏਕੜ ਵਿੱਚੋਂ 200-250 ਏਕੜਾਂ ਵਾਸਤੇ ਕੁਆਲਿਟੀ ਬੀਜ ਤਿਆਰ ਕੀਤੇ ਜਾ ਸਕਦੇ ਹਨ। ਫਸਲ ਦੀ ਕਟਾਈ ਤੋਂ ਬਾਅਦ ਪ੍ਰਾਪਤ ਰਾਅ ਬੀਜ ਨੂੰ ਤਸਦੀਕਸ਼ੁਦਾ ਬੀਜ ਬਣਾਉਣ ਲਈ ਇਸ ਬੀਜ ਨੂੰ ਬੀਜ ਪ੍ਰਮਾਣਨ ਅਫਸਰ ਦੀ ਨਿਗਰਾਨੀ ਹੇਠ ਸਾਫ ਅਤੇ ਗਰੇਡ ਕੀਤਾ ਜਾਂਦਾ ਹੈ। ਕੇਵਲ ਨਿਰਧਾਰਿਤ ਆਕਾਰ ਵਾਲੇ ਬੀਜ ਨੂੰ ਹੀ ਰੱਖਿਆ ਜਾਂਦਾ ਹੈ ਅਤੇ ਇਸ ਬੀਜ ਵਿੱਚੋਂ ਬੀਜ ਦੀ ਪਰਖ ਕਰਨ ਲਈ ਸੈਂਪਲ ਲਏ ਜਾਂਦੇ ਹਨ ਜਿਹਨਾਂ ਦੀ ਪੰਜਾਬ ਰਾਜ ਬੀਜ ਪਰਖ ਪ੍ਰਯੋਗਸ਼ਾਲਾ ਵਿੱਚ ਬੀਜਾਂ ਦੇ ਮਾਪਦੰਡਾਂ ਅਨੁਸਾਰ ਪਰਖ ਕੀਤੀ ਜਾਂਦੀ ਹੈ (ਸਾਰਣੀ 6)। ਪ੍ਰਯੋਗਸ਼ਾਲਾ ਵਲੋਂ ਪਾਸ ਕੀਤੇ ਬੀਜ ਨੂੰ ਪ੍ਰਮਾਣੀਕਰਣ ਸੰਸਥਾ ਵਲੋਂ ਆਪਣੀ ਨਿਗਰਾਨੀ ਹੇਠ ਥੈਲੀਆਂ ਵਿੱਚ ਪਵਾ ਕੇ, ਸਿਲਾਈ ਕਰਵਾ ਕੇ, ਉਨ੍ਹਾਂ ਉਪਰ ਟੈਗ ਲਗਾਏ ਜਾਂਦੇ ਹਨ ਅਤੇ ਲੈਡ ਸੀਲ ਲਗਾ ਦਿੱਤੀ ਜਾਂਦੀ ਹੈ।

ਝੋਨੇ ਦੀਆਂ ਯੂਨੀਵਰਸਿਟੀ ਵਲੋਂ [illegible]

| ਮੁੱਖ ਗੁਣ | ਪੀ ਆਰ 118 | ਪੀ ਆਰ 121 | ਪੀ ਆਰ 122 | ਪੀ ਆਰ 123 | ਪੀ ਆਰ 124 |
|---|---|---|---|---|---|
| ਔਸਤਨ ਝਾੜ (ਕੁਇੰਟਲ ਪ੍ਰਤੀ ਏਕੜ) | 29.0 | 30.5 | 31.5 | 29.0 | 30.5 |
| ਪਨੀਰੀ ਸਮੇਤ ਪੱਕਣ ਦਾ ਸਮਾਂ (ਦਿਨ) | 158 | 140 | 147 | 143 | 135 |
| ਝੁਲਸ ਰੋਗ ਦੇ ਜੀਵਾਣੂ ਦੀਆਂ ਜਾਤੀਆਂ ਦਾ ਟਾਕਰਾ ਕਰਨ ਦੀ ਸਮਰੱਥਾ | 05/10 | 10/10 | 10/10 | 10/10 | 10/10 |
| ਦਾਣੇ ਦੀ ਲੰਬਾਈ (ਮਿਲੀਮੀਟਰ) | 6.47 | 7.38 | 6.47 | 7.64 | 7.13 |



ਪੀ ਆਰ 118



ਪੀ ਆਰ 121



ਪੀ ਆਰ 122



ਪੀ ਆਰ 123



ਪੀ ਆਰ 124

## ਬਾਸਮਤੀ ਦੀਆਂ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਉੱਨਤ ਕਿਸਮਾਂ

| ਮੁੱਖ ਗੁਣ | ਪੰਜਾਬ ਬਾਸਮਤੀ 2 | ਪੰਜਾਬ ਬਾਸਮਤੀ 3 | ਪੂਸਾ ਬਾਸਮਤੀ 1509 | ਪੂਸਾ ਬਾਸਮਤੀ 1121 |
|---|---|---|---|---|
| ਔਸਤਨ ਝਾੜ (ਕੁਇੰਟਲ ਪ੍ਰਤੀ ਏਕੜ) | 12.6 | 16.0 | 15.7 | 13.7 |
| ਪਨੀਰੀ ਸਮੇਤ ਪੱਕਣ ਦਾ ਸਮਾਂ (ਦਿਨ) | 140 | 139 | 120 | 137 |
| ਕੱਦ (ਸੈਂਟੀਮੀਟਰ) | 125 | 105 | 92 | 120 |
| ਦਾਣੇ ਦੀ ਲੰਬਾਈ (ਮਿਲੀਮੀਟਰ) | 7.75 | 8.80 | 8.75 | 8.75 |
| ਝੁਲਸ ਰੋਗ ਦੇ ਜੀਵਾਣੂ ਦੀਆਂ ਜਾਤੀਆਂ ਦਾ ਟਾਕਰਾ ਕਰਨ ਦੀ ਸਮਰੱਥਾ | 0/10 | 10/10 | 0/10 | 0/10 |




**ਪੰਜਾਬ ਬਾਸਮਤੀ –2**




**ਪੰਜਾਬ ਬਾਸਮਤੀ –3**



ਪੂਸਾ ਬਾਸਮਤੀ 1509

ਪੂਸਾ ਬਾਸਮਤੀ 1121



ਪੂਸਾ ਬਾਸਮਤੀ 1121

- ਫਸਲਾਂ ਦੀਆਂ ਜਿਹੜੀਆਂ ਕਿਸਮਾਂ ਦੀ ਕਾਸ਼ਤ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਨੇ ਸਿਫਾਰਸ਼ ਕੀਤੀ ਹੈ ਉਨ੍ਹਾਂ ਦਾ ਮੁਢਲਾ ਬੀਜ ਨਿਰਦੇਸ਼ਕ ਬੀਜ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।
- ਜਿਹੜੀਆਂ ਕਿਸਮਾਂ ਦੀ ਕਾਸ਼ਤ ਦੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਸਿਫਾਰਸ਼ ਨਹੀ ਕੀਤੀ ਉਨ੍ਹਾਂ ਦਾ ਮੁਢਲਾ ਬੀਜ ਉਨ੍ਹਾਂ ਯੂਨੀਵਰਸਿਟੀਆਂ ਤੋਂ ਲਿਆ ਜਾ ਸਕਦਾ ਹੈ ਜਿਨ੍ਹਾਂ ਨੇ ਉਹ ਕਿਸਮਾਂ ਵਿਕਸਤ ਕੀਤੀਆਂ ਹਨ।

# ਮਿਰਚਾਂ ਦੇ ਦੋਗਲੇ ਬੀਜ ਦਾ ਉਤਪਾਦਨ

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਮਿਰਚਾਂ ਦਾ ਹਾਇਬ੍ਰਿਡ ਸੀ.ਐਚ-1 ਵਿਕਸਿਤ ਕੀਤਾ ਹੈ ਜੋ ਕਿ ਇੱਕ ਹੈਕਟੇਅਰ ਵਿਚ 250 ਕੁਇੰਟਲ ਲਾਲ ਮਿਰਚਾਂ ਅਤੇ 500-600 ਕੁਇੰਟਲ ਹਰੀਆਂ ਮਿਰਚਾਂ ਦਾ ਝਾੜ ਦੇਣ ਦੀ ਸਮਰਥਾ ਰੱਖਦਾ ਹੈ। ਇਸ ਹਾਇਬ੍ਰਿਡ ਦੇ ਕਾਰਣ ਪੰਜਾਬ ਵਿਚ ਮਿਰਚਾਂ ਦੇ ਰਕਬੇ ਹੇਠ ਕਾਫੀ ਵਾਧਾ ਦਰਜ ਕੀਤਾ ਗਿਆ। ਇਸ ਨੂੰ ਵਿਕਸਿਤ ਕਰਨ ਲਈ ਨਰ ਬਾਂਝਪਣ ਤਕਨੀਕ ਦੀ ਵਰਤੋਂ ਕੀਤੀ ਗਈ ਹੈ ਜਿਸ ਨਾਲ ਖੱਸੀਕਰਣ ਕਰਨਾ ਅਤੇ ਪਰਪਰਾਗਣ ਦੀ ਕਿਰਿਆ ਕਰਨ ਦੀ ਜਰੂਰਤ ਨਹੀਂ ਹੁੰਦੀ ਅਤੇ ਬੀਜ ਉਤਪਾਦਨ ਦੀ ਲਾਗਤ ਕਾਫੀ ਘੱਟ ਜਾਂਦੀ ਹੈ।

ਦੋਗਲਾ ਬੀਜ

ਸੀ ਐਚ-1 : ਐਮ ਐਸ-12 x ਐਲ ਐਲ ਐਸ

ਮਾਪਾ ਲਾਇਨਾਂ ਅਤੇ ਦੋਗਲੇ ਬੀਜ਼ਾਂ ਦੀਆਂ ਵਿਸ਼ੇਸ਼ਤਾਵਾਂ:

1. ਐਮ ਐਸ-12 : ਇਹ ਦੋਗਲਾ ਬੀਜ ਉਤਪਾਦਨ ਲਈ ਮਾਦਾ ਮਾਪਾ ਹੈ। ਇਸਦੇ ਪੌਦੇ ਮੱਧਮ ਆਕਾਰ ਦੇ ਹਨ। ਇਸ ਦਾ ਫਲ ਛੋਟਾ, ਇਕੱਲਾ ਅਤੇ ਉੱਪਰ ਵੱਲ ਨੂੰ ਹੁੰਦਾ ਹੈ। ਇਸਦਾ ਆਕਾਰ 3.6 ਸੈਂਟੀਮੀਟਰ ਲੰਬਾਈ, ਔਸਤਨ ਭਾਰ 1.33 ਗਰਾਮ ਅਤੇ ਕਾਫੀ ਚੌੜਾ ਹੁੰਦਾ ਹੈ ਅਤੇ ਫਲ ਹਰਾ ਗੂੜਾ ਹੁੰਦਾ ਹੈ ਅਤੇ ਪੱਕ ਕੇ ਗੂੜਾ ਲਾਲ ਹੋ ਜਾਂਦਾ ਹੈ। ਇਸ ਵਿੱਚ ਵਿਸ਼ਾਣੂ ਰੋਗ ਜਿਵੇਂ ਕਿ ਚਿਤਕਬਰਾ ਰੋਗ ਅਤੇ ਪੱਤਿਆਂ ਦਾ ਮੁੜਨ ਦੇ ਰੋਗ ਨਾਲ ਟਾਕਰਾ ਕਰਨ ਦੀ ਸਮਰੱਥਾ ਹੈ।
2. ਐਲ ਐਲ ਐਸ: ਇਹ ਦੋਗਲਾ ਬੀਜ ਉਤਪਾਦਨ ਲਈ ਸੀ ਐਚ-1 ਦਾ ਨਰ ਮਾਪਾ ਅਤੇ ਇਸਦੇ ਬੂਟੇ ਉੱਚੇ ਅਤੇ ਪੱਤੇ ਹਲਕੇ ਹਰੇ ਰੰਗ ਦੇ ਹੁੰਦੇ ਹਨ। ਫਲ ਇਕੱਲੇ ਅਤੇ ਹੇਠਾਂ ਨੂੰ ਲਮਕੇ ਹੁੰਦੇ ਹਨ। ਫਲ ਦਾ ਅਕਾਰ ਕਾਫੀ ਵੱਡਾ ਹੁੰਦਾ ਹੈ। (8.11 ਸੈਂਟੀਮੀਟਰ ਲੰਬਾਈ ਅਤੇ 1.5 ਸੈਂਟੀਮੀਟਰ ਚੌੜਾਈ) ਫਲ ਦਾ ਰੰਗ ਹਲਕਾ ਹਰਾ ਅਤੇ ਪੱਕਣ ਤੇ ਲਾਲ ਰੰਗ ਹੁੰਦਾ ਹੈ। ਇਹ ਜੜ੍ਹ ਉਖੇੜੇ ਅਤੇ ਵਿਸ਼ਾਣੂ ਰੋਗ ਦਾ ਟਾਕਰਾ ਕਰ ਸਕਦਾ ਹੈ।
3. ਸੀ ਐਚ-1 (ਚਿੱਲੀ ਹਾਈਬਰਿਡ-1): ਇਹ ਇਕ ਦੋਗਲੀ ਕਿਸਮ ਹੈ ਜਿਸਦੇ ਬੂਟੇ 97.5 ਸੈਂਟੀਮੀਟਰ ਉਚਾਈ ਦੇ ਹੋ ਜਾਂਦੇ ਹਨ ਤੇ ਫੈਲਾਅ ਕਾਫ਼ੀ ਜਿਆਦਾ ਹੁੰਦਾ ਹੈ। ਇਸਦੇ ਬੂਟੇ ਕਾਫ਼ੀ ਲੰਮੇ ਸਮੇਂ ਤੱਕ ਫਲ ਦਿੰਦੇ ਰਹਿੰਦੇ ਹਨ। ਫਲਾਂ ਦਾ ਰੰਗ ਪਹਿਲਾਂ ਹਰਾ ਹੁੰਦਾ ਹੈ ਪਰ ਪੱਕਣ ਸਮੇਂ ਇਨ੍ਹਾਂ ਦਾ ਰੰਗ ਗੂੜਾ ਲਾਲ ਹੁੰਦਾ ਹੈ। ਇਹਨਾਂ ਦੇ ਫਲ ਦਾ ਆਕਾਰ ਦਰਮਿਆਨਾ (6.62 ਸੈਂਟੀਮੀਟਰ ਲੰਮਾ) ਅਤੇ ਫਲ ਦਾ ਭਾਰ ਤਕਰੀਬਨ 2.72 ਗ੍ਰਾਮ ਪ੍ਰਤੀ ਫਲ ਹੁੰਦਾ ਹੈ। ਇਸ ਕਿਸਮ ਦੇ ਬੂਟਿਆਂ ਨੂੰ ਉੱਲੀ ਤੇ ਵਿਸ਼ਾਣੂ ਰੋਗ ਘੱਟ ਲੱਗਦੇ



ਹਨ। ਲਾਲ ਮਿਰਚਾਂ ਦਾ ਝਾੜ ਤਕਰੀਬਨ 100 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ।

## ਦੋਗਲਾ ਬੀਜ ਤਿਆਰ ਕਰਨ ਲਈ ਕਾਸ਼ਤਕਾਰੀ ਤਕਨੀਕਾਂ

**ਮੌਸਮ:** ਮਿਰਚ ਪੈਦਾ ਕਰਨ ਲਈ 130-150 ਦਿਨਾਂ ਦਾ ਕੋਰਾ ਰਹਿਤ ਸਮਾਂ ਚਾਹੀਦਾ ਹੈ ਅਤੇ ਇਸ ਵਿਚ ਤਾਪਮਾਨ 15-35$^0$ ਸੈਲਸੀਅਸ ਹੋਣਾ ਚਾਹੀਦਾ ਹੈ।

**ਜ਼ਮੀਨ ਦੀ ਚੋਣ ਅਤੇ ਦੂਰੀ:** ਮਿਰਚ ਚੰਗੇ ਨਿਕਾਸ ਵਾਲੀ ਅਤੇ ਵੱਧ ਮੱਲੜ ਵਾਲੀ ਜਮੀਨ ਵਿੱਚ ਵਧੀਆ ਹੁੰਦੀ ਹੈ। ਮਿਰਚ ਦੀ ਕਾਸ਼ਤ 5.0-8.0 ਪੀ. ਐਚ. ਤੱਕ ਹੋ ਸਕਦੀ ਹੈ ਪਰ ਵਧੇਰੇ ਉਪਜ 6.5 ਪੀ. ਐਚ. ਵਿਚ ਹੁੰਦੀ ਹੈ।

**ਬਿਜਾਈ ਦਾ ਸਮਾਂ :** ਪਨੀਰੀ ਦੀ ਬਿਜਾਈ ਦਾ ਸਮਾਂ ਅਕਤੂਬਰ ਦੇ ਆਖਰੀ ਹਫਤੇ ਤੋਂ ਨਵੰਬਰ ਅੱਧ ਹੈ।

**ਬੀਜ ਦੀ ਦਰ ਅਤੇ ਸ੍ਰੋਤ:** ਦੋਗਲਾ ਬੀਜ ਉਤਪਾਦਨ ਵਾਸਤੇ ਮਾਪਾ ਬੀਜ ਬਹੁਤ ਮਹੱਤਵਪੂਰਨ ਹੁੰਦੇ ਹਨ। ਇਸ ਲਈ ਕਿਸਾਨਾਂ ਨੂੰ ਮਾਪਾ ਲਾਈਨਾਂ ਦੇ ਬੀਜ ਖੇਤੀਬਾੜੀ ਯੂਨੀਵਰਸਿਟੀ ਦੇ ਸਬਜੀ ਵਿਭਾਗ ਤੋਂ ਜਾਂ ਰਜਿਸਟਰਡ ਸਬਜ਼ੀ ਬੀਜ ਉਤਪਾਦਕਾਂ ਤੋਂ ਹਾਸਲ ਕਰਨੇ ਚਾਹੀਦੇ ਹਨ।

| ਮਾਪਾ ਲਾਈਨਾਂ | ਬੀਜ ਦੀ ਦਰ (ਗ੍ਰਾਮ ਪ੍ਰਤੀ ਕਿੱਲਾ) |
|---|---|
| ਐਮ ਐਸ-12 | 300 |
| ਐਲ ਐਲ ਐਸ | 100 |

**ਪਨੀਰੀ ਬੀਜਣ ਦਾ ਤਰੀਕਾ:** ਇੱਕ ਮਰਲੇ ਵਿਚ ਉਗਾਈ ਨਰਸਰੀ ਇਕ ਏਕੜ ਵਿੱਚ ਮਿਰਚਾਂ ਦੀ ਫ਼ਸਲ ਲਗਾਉਣ ਵਾਸਤੇ ਕਾਫੀ ਹੁੰਦੀ ਹੈ। ਬੀਜ 20 ਸੈਂਟੀਮੀਟਰ ਉਚਾਈ ਵਾਲੀਆਂ ਅਤੇ 1.25 ਮੀਟਰ ਚੌੜਾਈ ਵਾਲੀਆਂ ਉੱਭਰਵੀਆਂ ਕਿਆਰੀਆਂ ਵਿੱਚ ਬੀਜੇ ਜਾਂਦੇ ਹਨ।

**ਪਨੀਰੀ ਦੀ ਖੇਤ ਵਿੱਚ ਬਿਜਾਈ:** ਅੱਧ ਫ਼ਰਵਰੀ ਤੋਂ ਅੱਧ ਮਾਰਚ ਦਾ ਸਮਾਂ ਪਨੀਰੀ ਪੁੱਟ ਕੇ ਖੇਤ ਵਿਚ ਲਗਾਉਣ ਦਾ ਢੁਕਵਾਂ ਸਮਾਂ ਹੈ। ਬਿਜਾਈ ਦੁਪਹਿਰ ਤੋਂ ਬਾਦ ਕਰਨੀ ਚਾਹੀਦੀ ਹੈ।

**ਫਾਸਲਾ:** ਸਿਹਤਮੰਦ ਪਨੀਰੀ ਦੀ ਬਿਜਾਈ 75 ਸੈਂਟੀਮੀਟਰ ਕਤਾਰਾ ਤੋਂ ਕਤਾਰ ਉੱਤੇ ਕਰਨਾ ਚਾਹੀਦਾ ਹੈ। ਬੂਟੇ ਤੋਂ ਬੂਟੇ ਦਾ ਫਾਸਲਾ ਨਰ ਲਾਈਨ ਲਈ 60 ਸੈਂਟੀਮੀਟਰ ਅਤੇ ਮਾਦਾ ਲਾਈਨ ਲਈ 30 ਸੈਂਟੀਮੀਟਰ ਰੱਖੋ।

**ਖਾਦਾਂ:** ਇਕ ਏਕੜ ਪਿਛੇ 25 ਕਿਲੋ ਨਾਈਟ੍ਰੋਜਨ ਤੱਤ (55 ਕਿਲੋ ਯੂਰੀਆ), 12 ਕਿਲੋ ਫ਼ਾਸਫ਼ੋਰਸ ਤੱਤ (75 ਕਿਲੋ ਸੁਪਰਫ਼ਾਸਫ਼ੇਟ) ਅਤੇ 12 ਕਿਲੋ ਪੋਟਾਸ਼ ਤੱਤ (20 ਕਿਲੋ ਮਿਊਰੇਟ ਆਫ਼ ਪੋਟਾਸ਼) ਪਾਓ। ਰੂੜੀ ਦੀ ਖਾਦ ਕਾਫੀ ਵਰਤੋ ਪਰ ਇਹ ਤਾਜ਼ੀ ਨਾ ਹੋਵੇ। ਸਾਰੀ ਫ਼ਾਸਫੋਰਸ ਤੇ ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਬੂਟੇ ਲਾਉਣ ਵੇਲੇ ਅਤੇ ਰਹਿੰਦੀ ਅੱਧੀ ਨਾਈਟੋਜਨ ਪਹਿਲੀ ਚੁਣਾਈ ਤੋਂ ਬਾਅਦ ਪਾਓ।

**ਪਾਣੀ:** ਪਹਿਲਾ ਪਾਣੀ ਪਨੀਰੀ ਖੇਤ ਵਿਚ ਲਾਉਣ ਤੋਂ ਫੋਰਨ ਬਾਅਦ ਲਾਓ। ਬਾਅਦ ਵਿਚ ਗਰਮੀਆਂ ਵਿਚ ਸਿੰਚਾਈ 7-10 ਦਿਨ ਅਤੇ ਸਰਦੀਆਂ ਵਿੱਚ 10-15 ਦਿਨ ਦੇ ਵਕਫੇ ਤੇ ਕਰੋ। ਇਸ ਫ਼ਸਲ ਦੀਆਂ ਜੜ੍ਹਾਂ ਜ਼ਿਆਦਾ ਨਮੀ ਅਤੇ ਪਾਣੀ ਨਹੀਂ ਸਹਾਰਦੀਆਂ। ਕੁੱਲ 15-16 ਪਾਣੀਆਂ ਦੀ ਲੋੜ ਪੈਂਦੀ ਹੈ।

**ਦੋਗਲਾ ਬੀਜ ਤਿਆਰ ਕਰਨ ਦਾ ਤਰੀਕਾ:** ਦੋਗਲੇ ਬੀਜਾਂ ਦੀ ਪੈਦਾਵਾਰ

ਵਾਸਤੇ ਮਾਦਾ ਅਤੇ ਨਰ ਵਿਚਕਾਰ 2:1 ਦਾ ਅਨੁਪਾਤ ਹੁੰਦਾ ਹੈ। ਨਰ ਲਾਈਨਾਂ (ਐਲ ਐਲ ਐਸ) ਦੀ ਪਹਲੀ ਕਤਾਰ ਵੱਟਾਂ (ਰਾਜਕਪਕਤ) ਉੱਤੇ ਲਗਾਈ ਜਾਂਦੀ ਹੈ ਅਤੇ ਪੌਦੇ ਤੋਂ ਪੌਦੇ ਦਾ ਫਾਸਲਾ 60 ਸੈਂਟੀਮੀਟਰ ਹੁੰਦਾ ਹੈ। ਇਸ ਤੋਂ ਬਾਦ ਐਮ ਐਸ-12 ਲਾਈਨ ਦੀਆਂ ਦੋ ਕਤਾਰਾਂ ਹੁੰਦੀਆਂ ਹਨ। ਐਮ.ਐਸ-12 ਲਾਈਨ ਵਾਸਤੇ ਪੌਦਿਆਂ ਵਿਚਕਾਰ ਵਿੱਥ ਅੱਧ ਰੱਖਣੀ ਚਾਹੀਦੀ ਹੈ, ਕਿਉਂਕਿ ਇਸਨੇ 50:50 ਦੇ ਅਨੁਪਾਤ ਦੇ ਹਿਸਾਬ ਨਾਲ ਉਪਜਾਉ ਅਤੇ ਅਣਉਪਜਾਊ ਪੌਦਿਆਂ ਵਿਚ ਉਗਣਾ ਹੁੰਦਾ ਹੈ ਅਤੇ ਐਮ ਐਸ-12 ਦੀ ਲਾਈਨ ਵਿਚ ਉਪਜਾਊ ਨਰ ਪੌਦਿਆਂ ਨੂੰ ਕੱਢਣ ਮਗਰੋਂ ਪੌਦਿਆਂ ਦੀ ਆਬਾਦੀ ਇਕੋ ਜਿਹੀ ਹੋ ਜਾਂਦੀ ਹੈ। ਦੋਗਲਾ ਬੀਜ ਤਿਆਰ ਕਰਨ ਵਾਲਾ ਬਲਾਕ ਮਿਰਚ ਅਤੇ ਸ਼ਿਮਲਾ ਮਿਰਚ ਦੀਆਂ ਕਿਸਮਾਂ ਤੇ 400 ਮੀਟਰ ਦੀ ਦੂਰੀ ਤੇ ਲਗਾਉਣਾ ਚਾਹੀਦਾ ਹੈ।

ਐਮ ਐਸ-12 ਵਿਚੋਂ ਉਪਜਾਊ ਪੌਦਿਆਂ ਦੀ ਪਹਿਚਾਣ: ਦੋਗਲੇ ਬੀਜ ਉਤਪਾਦਨ ਵਾਸਤੇ ਅਣਉਪਜਾਊ ਅਤੇ ਉਪਜਾਊ ਪੌਦਿਆਂ ਦੀ ਪਹਿਚਾਣ ਜਰੂਰੀ ਹੈ। ਇਸਦੀ ਪਹਿਚਾਣ ਪੌਦਿਆਂ ਨੂੰ ਫੁੱਲ ਪੈਣ ਵੇਲੇ ਕੀਤੀ ਜਾਂਦੀ ਹੈ। ਅਣਉਪਜਾਊ ਪੌਦਿਆਂ ਦੇ ਪਰਾਗਕੋਸ਼ (ਅਵੀਕਗਤ) ਛੋਟੇ ਅਤੇ ਨੀਲੇ ਜਾਮਣੀ ਰੰਗ ਦੇ ਹੁੰਦੇ ਹਨ। ਇਸਦੇ ਮੁਕਾਬਲੇ ਉਪਜਾਊ ਪੌਦਿਆਂ ਦੇ ਫੁੱਲਾਂ ਦੇ ਪਰਾਗਕੋਸ਼ (ਅਵੀਕਗਤ) ਮੋਟੇ ਅਤੇ ਹਰੇ ਰੰਗ ਦੇ ਹੁੰਦੇ ਹਨ। ਅਸੀਂ ਅਣਉਪਜਾਊ ਪੌਦਿਆਂ ਦੀ ਪਹਿਚਾਣ (ਪਰਾਗ) ਦੇ ਅਧਾਰ ਤੇ ਹੀ ਕਰ ਸਕਦੇ ਹਾਂ। ਉਪਜਾਉ ਪੌਦਿਆਂ ਦਾ ਪਰਾਗ ਪਾਊਡਰ ਚਿੱਟੇ ਰੰਗ ਦਾ ਹੁੰਦਾ ਹੈ ਜਦ ਕਿ ਅਣਉਪਜਾਊ ਪੌਦਿਆਂ ਦਾ ਪਰਾਗ ਨਹੀਂ ਹੁੰਦਾ ਹੈ। ਉਪਜਾਊ ਅਤੇ ਅਣਉਪਜਾਊ ਪੌਦਿਆਂ ਦੀ ਕੁਝ ਵਿਸ਼ੇਸ਼ਤਾਵਾਂ ਹੇਠਾਂ ਦਰਸਾਈਆਂ ਗਈਆਂ ਹਨ।

| ਗੁਣ | ਐਮ ਐਸ-12 | |
|---|---|---|
| | ਉਪਜਾਊ ਪੌਦੇ | ਅਣਉਪਜਾਊ ਪੌਦੇ |
| ਪਰਾਗ | ਹੈ | ਨਹੀਂ |
| ਪਰਾਗਕੋਸ਼ ਦਾ ਰੰਗ | ਹਲਕਾ ਹਰਾ | ਨੀਲਾ ਜਾਂ ਪੀਲਾ |
| ਪਰਾਗਕੋਸ਼ ਦਾ ਆਕਾਰ | ਮਧਮ | ਛੋਟਾ |
| ਪਰਾਗਕੋਸ਼ ਦਾ ਫੱਟਣਾ | ਪਰਾਗ ਨਿਕਲਦਾ ਹੈ | ਪਰਾਗ ਨਹੀਂ ਨਿਕਲਦਾ |
| ਫਲ ਦਾ ਲਗਣਾ | ਬਹੁਤ ਜਿਆਦਾ | ਘੱਟ |



**ਖੱਸੀ ਫੁੱਲ**



**ਉਪਜਾਊ ਫੁੱਲ**

ਉਪਜਾਊ ਪੌਦਿਆਂ ਨੂੰ ਪਹਿਚਾਣ ਕਰਕੇ ਖੇਤ ਵਿਚੋਂ ਪੁੱਟ ਦਿੱਤਾ ਜਾਂਦਾ ਹੈ। ਬੂਟੇ ਪਹਿਚਾਨਣ ਦਾ ਕੰਮ ਲਗਭਗ 7-10 ਦਿਨ ਤੱਕ ਚੱਲਦਾ ਰਹਿੰਦਾ ਹੈ। ਇਸ ਲਈ ਖੱਸੀ ਬੂਟੇ ਪਹਿਚਾਣ ਕਰਨ ਤੋਂ ਬਾਦ ਨਿਸ਼ਾਨੀ ਦੇ ਤੌਰ ਤੇ ਧਾਗਾ ਬੰਨ ਦੇਣਾ ਚਾਹੀਦਾ ਹੈ ਤਾਂ ਜੋ ਹਰ ਰੋਜ ਬਾਰ-ਬਾਰ ਇੱਕ ਲਾਈਨ ਵਿਚੋਂ ਬੂਟੇ ਪਹਿਚਾਨਣ ਦੀ ਪ੍ਰਕ੍ਰਿਆ ਤੋਂ ਬਚਿਆ ਜਾਵੇ। ਇਸ ਨਾਲ ਸਮੇਂ ਅਤੇ ਪੈਸੇ ਦੀ ਕਾਫੀ ਬਚਤ ਹੋ ਜਾਂਦੀ ਹੈ। ਜਦ ਇਹ ਨਿਸ਼ਚਿਤ ਹੋ ਜਾਵੇ ਕਿ ਬਲਾਕ ਵਿਚੋਂ ਸਾਰੇ ਉਪਜਾਊ ਬੂਟੇ ਪੁੱਟ ਦਿੱਤੇ ਗਏ ਹਨ ਤਾਂ ਅਣਉਪਜਾਊ ਬੂਟਿਆਂ ਤੋਂ ਸਾਰੇ ਖੁੱਲੇ ਹੋਏ ਫੁੱਲ ਅਤੇ ਫਲ ਉਤਾਰ ਲਉ।

**ਪਰਾਗਣ ਕਿਰਿਆ:** ਚੰਗੇ ਫਲ ਲੈਣ ਲਈ 4 ਪੇਟੀਆਂ ਮਧੂ ਮੱਖੀਆਂ ਦੀਆਂ ਇਕ ਏਕੜ ਵਿਚ ਕਾਫੀ ਹਨ ਜੋ ਚੰਗੀ ਤਰ੍ਹਾਂ ਪਰਾਗਣ ਕਰ ਸਕਦੀਆ ਹਨ। ਮਾਦਾ ਲਾਈਨਾਂ ਵਿਚੋਂ ਅਣਉਪਜਾਊ ਪੌਦੇ ਤੋਂ ਜੋ ਬੀਜ਼ ਇਕੱਠਾ ਕੀਤਾ ਜਾਂਦਾ ਹੈ ਉਹ ਬੀਜ ਹੁੰਦਾ ਹੈ।

**ਬੀਜ ਦੀ ਤੁੜਾਈ ਅਤੇ ਕਢਾਈ ਅਤੇ ਭੰਡਾਰਣ:** ਬੀਜ ਨੂੰ ਹੱਥ ਨਾਲ ਜਾਂ ਮਸ਼ੀਨ ਨਾਲ ਕੱਢਿਆ ਜਾ ਸਕਦਾ ਹੈ। ਮਸ਼ੀਨੀ ਤਰੀਕੇ ਨਾਲ ਕੱਢੇ ਗਏ ਬੀਜ ਦੀ ਗੁਣਵੱਤਾ ਵਧੀਆ ਹੁੰਦੀ ਹੈ। ਬੀਜ਼ ਵਿਚ ਨਮੀ ਦੀ ਮਾਤਰਾ 8% ਤੋਂ ਘੱਟ ਹੋਵੇ। ਬੀਜ਼ ਦੀ ਪੁੰਗਰਨ ਸ਼ਕਤੀ 60% ਤੋਂ ਘੱਟ ਨਹੀ ਹੋਣੀ ਚਾਹੀਦੀ। ਬੀਜ਼ ਵਿਚ ਜੇਕਰ ਸਲਾਬ ਦੀ ਮਾਤਰਾ 8% ਹੈ ਤਾਂ ਇਸ ਨੂੰ ਕੱਪੜੇ ਦੇ ਬੈਗ ਵਿਚ ਭੰਡਾਰ ਕਰੋ ਅਤੇ ਜੇਕਰ ਬੀਜ਼ ਵਿਚ ਸਲਾਬ ਦੀ ਮਾਤਰਾ 6% ਹੈ ਤਾਂ ਇਸ ਨੂੰ ਸੀਲ ਬੰਦ ਡੱਬੇ ਵਿਚ ਭੰਡਾਰ ਕਰੋ। ਚੰਗੀ ਕਾਸ਼ਤਕਾਰ ਤਕਨੀਕਾਂ ਨਾਲ ਇਕ ਏਕੜ ਵਿੱਚੋਂ ਲਗਭਗ 25 ਕਿੱਲੋ ਬੀਜ ਤਿਆਰ ਕੀਤਾ ਜਾ ਸਕਦਾ ਹੈ।

**ਮਾਦਾ ਲਾਈਨ (ਐਮ-ਐਸ-12) ਦੀ ਸਾਂਭ ਸੰਭਾਲ:** ਪਨੀਰੀ ਨੂੰ 75x60 ਸੈ.ਮੀ. ਦੀ ਦੂਰੀ ਤੇ ਬੀਜੋ। ਐਮ.ਐਸ-12 ਲਾਈਨ ਵਿਚ 50% ਨਰ ਉਪਜਾਊ ਤੇ 50% ਨਰ ਅਣ-ਉਪਜਾਊ ਫੁੱਲ ਹੁੰਦੇ ਹਨ। ਨਰ ਅਣਉਪਜਾਊ ਪੌਦਿਆ ਨੂੰ ਪਛਾਣ ਕੇ ਉਹਨਾਂ ਨੂੰ ਟੈਗ ਲਗਾ ਦਿੱਤੇ ਜਾਣ। ਪੱਕੇ ਲਾਲ ਰੰਗ ਦੇ ਫਲ, ਜੋ ਨਰ ਅਣਉਪਜਾਊ ਪੌਦੇ ਤੋਂ ਮਿਲਦੇ ਹਨ ਉਹ ਹੀ ਤੋੜੋ ਅਤੇ ਉਹਨਾਂ ਵਿਚੋਂ ਬੀਜ ਨੂੰ ਕੱਢ ਲਵੋ।

**ਨਰ ਲਾਈਨ (ਐਲ ਐਲ ਐਸ) ਦੀ ਸਾਂਭ ਸੰਭਾਲ:** ਮਾਪਾ ਲਾਈਨਾਂ ਦੀ ਸਾਂਭ ਸੰਭਾਲ ਵੱਖਰੀ ਕੀਤੀ ਜਾਣੀ ਚਾਹੀਦੀ ਹੈ। ਇਸ ਵਾਸਤੇ ਐਲ ਐਲ ਐਸ ਨੂੰ ਹਾਇਬ੍ਰਿਡ ਬਲਾਕ ਜਾਂ ਮਿਰਚ ਦੀ ਹੋਰ ਕਿਸਮ ਜਾਂ ਸ਼ਿਮਲਾ ਮਿਰਚ ਤੋਂ 400 ਮੀਟਰ ਦੀ ਦੂਰੀ ਤੇ ਬੀਜੋ। ਪੱਕੇ ਲਾਲ ਰੰਗ ਦੇ ਫਲ ਹੀ ਤੋੜੋ ਅਤੇ ਉਸ ਵਿਚੋਂ ਬੀਜ਼ ਨੂੰ ਵੱਖ ਕਰ ਲਉ।

**ਖੇਤ ਨਿਰੀਖਣ ਅਤੇ ਬੂਟਿਆ ਦੀ ਪੁਟਾਈ:** ਇਕ ਫ਼ਸਲ ਵਿਚ ਘੱਟੋ-ਘੱਟ ਤਿੰਨ ਵਾਰ ਖੇਤ ਦਾ ਨਿਰੀਖਣ ਕਰਨਾ ਚਾਹੀਦਾ ਹੈ। ਪਹਿਲਾ ਨਿਰੀਖਣ ਫੁੱਲ ਆਉਣ ਤੋਂ ਪਹਿਲਾਂ ਕਰਨਾ ਚਾਹੀਦਾ ਹੈ। ਜਿਸ ਵਿਚ ਅਣਚਾਹੇ ਪੌਦੇ, ਬਾਹਰੀ ਪ੍ਰਾਗਣ ਵਾਲੇ ਪੌਦੇ, ਦੂਰੀ ਅਤੇ ਪੌਦਾ ਅਨੁਪਾਤ ਦੇਖਦੇ ਹਾਂ। ਅਣਚਾਹੇ ਪੌਦਿਆਂ ਨੂੰ ਖੇਤ ਵਿਚੋਂ ਪੁੱਟ ਦਿਉ। ਬੀਮਾਰੀ ਵਾਲੇ ਅਤੇ ਜਿਆਦਾ ਅਗੇਤੇ ਪੌਦਿਆਂ ਨੂੰ ਵੀ ਖੇਤ ਵਿਚੋਂ ਪੁੱਟ ਦਿਉ।

ਖੇਤ ਦਾ ਦੂਸਰਾ ਨਿਰੀਖਣ ਫੁਲ ਆਉਣ ਤੇ ਕਰਨਾ ਚਾਹੀਦਾ ਹੈ ਜਿਸ ਵਿਚ ਅਣਚਾਹੇ ਪੌਦਿਆ ਦੀ ਪਛਾਣ ਹੁੰਦੀ ਹੈ ਜੋ

ਕਿ ਅਸੀਂ ਉਹਨਾਂ ਦੇ ਫੁੱਲ ਦਾ ਰੰਗ ਦੇਖ ਕੇ ਜਾਂ ਪੌਦੇ ਦੇ ਬਾਹਰੀ ਗੁਣ ਵੇਖ ਕੇ ਕਰਦੇ ਹਾਂ। ਇਸ ਨਿਰੀਖਣ ਵਿਚ ਅਸੀਂ ਮਾਦਾ ਲਾਈਨਾਂ ਵਿਚ ਉਪਜਾਊ ਅਤੇ ਅਣ-ਉਪਜਾਊ ਪੌਦਿਆਂ ਦੀ ਪਛਾਣ ਵੀ ਕਰਦੇ ਹਾਂ। ਜੇਕਰ ਕੋਈ ਉਪਜਾਊ ਪੌਦਾ ਮਾਦਾ ਲਾਈਨ ਵਿਚ ਹੁੰਦਾ ਹੈ ਤਾਂ ਉਸ ਨੂੰ ਫੌਰਨ ਬਾਹਰ ਕੱਢ ਦਿਉ। ਇਸੇ ਤਰ੍ਹਾਂ ਅਣਚਾਹੇ ਪੌਦੇ ਨਰ ਲਾਈਨ ਵਿਚੋਂ ਬਾਹਰ ਕੱਢ ਦਿਉ (ਪੁੱਟ ਦਿਉ)

ਤੀਸਰਾ ਨਿਰੀਖਣ ਫਲ ਲੱਗਣ ਵੇਲੇ ਕਰਨਾ ਚਾਹੀਦਾ ਹੈ। ਜਿਹੜਾ ਪੌਦਾ ਫਲ ਦੇ ਆਕਾਰ ਵਿਚ, ਰੰਗ ਵਿਚ ਭਿੰਨਤਾਵਾਂ ਦੱਸਦਾ ਹੈ ਉਸਨੂੰ ਪੁੱਟ ਦਿਉ। ਅਣਚਾਹੇ ਪੌਦਿਆਂ ਨੂੰ ਪੁੱਟਣ ਨਾਲ ਅਸੀਂ ਬੀਜ਼ ਦੀ ਸ਼ੁੱਧਤਾ ਠੀਕ ਰੱਖ ਸਕਦੇ ਹਾਂ।

ਮਿਰਚਾਂ ਦੇ ਬੀਜ ਉਤਪਾਦਨ ਲਈ ਖੇਤ ਦੇ ਮਾਪਦੰਡ

(ੳ) ਆਮ ਜ਼ਰੂਰਤਾਂ

ਵਪਾਰਕ ਪੱਧਰ ਤੇ ਲਗਾਏ ਮਿਰਚ ਦਾ ਖੇਤ ਦੂਸਰੀਆ ਹੋਰ ਕਿਸਮਾਂ ਤੋਂ ਪ੍ਰਮਾਣਿਤ ਪੱਧਰ ਦੇ ਅਨੁਸਾਰ ਦੂਰੀ ਤੇ ਰੱਖੋ।

| ਅਵਗੁਣ (ਦਾਗੇ ਗਏ) | ਘੱਟੋ-ਘੱਟ ਦੂਰੀ (ਮੀਟਰ) | |
|---|---|---|
| | ਫਾਊਂਡੇਸ਼ਨ | ਸਰਟੀਫਾਈਡ |
| 1 | 2 | 3 |
| ਮਿਰਚਾ ਦੀਆਂ ਦੂਸਰੀਆਂ ਕਿਸਮਾਂ | 400 | 200 |
| ਮਿਰਚਾ ਦੀਆਂ ਉਹੀ ਕਿਸਮਾਂ ਪਰ ਉਹ ਬੀਜ ਦੀ ਸ਼ੁਧਤਾ ਦੀ ਕਸੌਟੀ ਤੇ ਖਰਾ ਨਾ ਉਤਰਦਾ ਹੋਵੇ | 400 | 200 |
| ਸ਼ਿਮਲਾ ਮਿਰਚ ਦੇ ਖੇਤ ਤੋਂ ਦੂਰੀ | 400 | 200 |

ਅ) ਖਾਸ ਜ਼ਰੂਰਤਾਂ

| ਤੱਤ | *ਵੱਧ ਤੋਂ ਵੱਧ ਮੌਜੂਦਗੀ (%) | |
|---|---|---|
| | ਫਾਊਂਡੇਸ਼ਨ | ਸਰਟੀਫਾਈਡ |
| ਅਣਚਾਹੇ ਪੌਦੇ | 0.10 | 0.20 |
| ਬੀਜ ਤੋਂ ਲੱਗਣ ਵਾਲੀ ਬੀਮਾਰੀ ਵਾਲੇ ਪੌਦੇ (ਪੱਤੇ ਦਾ ਝੁਲਸ ਰੋਗ, ਟਾਹਣੀਆਂ ਦਾ ਪਿੱਛੇ ਮੁੜਨਾ) | 0.10 | 0.50 |

ਬੀਜ ਦੇ ਮਾਪਦੰਡ

| ਗੁਣ/ਤੱਤ | ਸਰਟੀਫਾਈਡ ਬੀਜ ਦੇ ਮਾਪਦੰਡ |
|---|---|
| ਸ਼ੁੱਧ ਬੀਜ (ਘੱਟ ਤੋਂ ਘੱਟ) | 98.0 |
| ਫੁਸ ਅਤੇ ਮਿੱਟੀ ਘੱਟਾ (ਵੱਧ ਤੋਂ ਵੱਧ) | 2.0 |
| ਕਿਸੇ ਹੋਰ ਕਿਸਮ ਦੇ ਬੀਜ (ਵੱਧ ਤੋਂ ਵੱਧ) | 10/ਕਿਲੋਗ੍ਰਾਮ |
| ਨਦੀਨਾਂ ਦੇ ਬੀਜ (ਵੱਧ ਤੋਂ ਵੱਧ) | 10/ਕਿਲੋਗ੍ਰਾਮ |
| ਉੱਗਣ ਸ਼ਕਤੀ (ਘੱਟ ਤੋਂ ਘੱਟ) | 60% |
| ਬੀਜ ਵਿੱਚ ਨਮੀ (ਵੱਧ ਤੋਂ ਵੱਧ) | 8% |
| ਸਲਾਬ ਬੰਦ ਡੱਬਿਆਂ ਵਾਸਤੇ ਬੀਜ ਵਿਚ ਨਮੀ (ਵੱਧ ਤੋਂ ਵੱਧ) | 6% |

ਪੌਦ ਸੁਰੱਖਿਆ:

ਸਿਉਂਕ, ਥਰਿਪ, ਮਕੌੜੇ, ਤੇਲਾ ਅਤੇ ਚਿੱਟੀ ਮੱਖੀ: ਇਸ ਫ਼ਸਲ ਲਈ ਹਾਨੀਕਾਰਕ ਕੀੜੇ ਹਨ। ਇਹ ਕੀੜੇ ਰੋਕਣ ਲਈ 400 ਮਿਲੀਲਿਟਰ ਮੈਲਾਥੀਆਨ 50 ਤਾਕਤ ਨੂੰ 100-125 ਲਿਟਰ ਪਾਣੀ ਵਿਚ ਘੋਲ ਕੇ 15-20 ਦਿਨਾਂ ਪਿਛੋਂ ਛਿੜਕੋ।

ਬਿਮਾਰੀਆਂ :

- ਫਲ ਗਲਣਾ ਜਾਂ ਮਰਨਾ: ਜਿਉ ਹੀ ਫ਼ਲ ਪੱਕਣਾ ਸ਼ੁਰੂ ਹੁੰਦਾ ਹੈ ਤਾਂ ਫ਼ਲਾਂ

ਵਾਲੀਆਂ ਟਹਿਣੀਆਂ ਦੇ ਸਿਰੇ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਗੂੜ੍ਹੇ, ਕਾਲੇ, ਡੂੰਘੇ, ਧੱਬੇ ਫ਼ਲਾਂ ਉੱਤੇ ਨਜ਼ਰ ਆਉਂਦੇ ਹਨ ਜੋ ਗੁਲਾਬੀ ਭਾਅ ਮਾਰਦੇ ਹਨ। ਇਸਦੀ ਰੋਕਥਾਮ ਲਈ ਬੀਜ ਸੋਧ ਕੇ ਬੀਜੋ। ਫ਼ਸਲ ਤੇ 750 ਗ੍ਰਾਮ ਇੰਡੋਫਿਲ ਐਮ 45 ਜਾਂ ਬਲਾਈਟੌਕਸ ਨੂੰ 250 ਲਿਟਰ ਪਾਣੀ ਵਿਚ ਪ੍ਰਤੀ ਏਕੜ ਘੋਲ ਕੇ 10 ਦਿਨ ਦੇ ਵਕਫ਼ੇ ਤੇ ਛਿੜਕਾਅ ਕਰੋ। ਪਹਿਲਾ ਛਿੜਕਾਅ ਬਿਮਾਰੀ ਸ਼ੁਰੂ ਹੋਣ ਤੇ, ਜੁਲਾਈ ਦੇ ਪਹਿਲੇ ਹਫ਼ਤੇ ਅਤੇ ਇਸ ਤੋਂ ਬਾਅਦ ਤਿੰਨ ਛਿੜਕਾਅ ਕਰੋ।

- ਸਲ੍ਹਾਬ ਨਾਲ ਗਲਣਾ: ਇਸ ਰੋਗ ਦਾ ਨਵੀਆਂ ਟਾਹਣੀਆਂ, ਫੁੱਲਾਂ ਅਤੇ ਫਲਾਂ ਤੇ ਹਮਲਾ ਹੁੰਦਾ ਹੈ ਜਿਸ ਨਾਲ ਗਲੇ ਹੋਏ ਹਿੱਸਿਆਂ ਤੇ ਉੱਲੀ ਦੇ ਕਾਲੇ ਬਰੀਕ ਧੱਬੇ ਦਿਖਾਈ ਦਿੰਦੇ ਹਨ। ਇਹ ਬਿਮਾਰੀ ਭਾਰੀ ਵਰਖਾ ਪਿਛੋਂ ਬੜੀ ਭਿਆਨਕ ਹੁੰਦੀ ਹੈ। ਇਸਦੀ ਰੋਕਥਾਮ ਲਈ ਫਲ ਦੇ ਗਲਣ ਜਾਂ ਮਰਨ ਵਾਲੀ ਬਿਮਾਰੀ ਦੀ ਰੋਕਥਾਮ ਵਾਲੇ ਹੀ ਉਪਾਅ ਕਰੋ।
- ਪੱਤਿਆਂ ਦਾ ਮੁੜਨਾ: ਇਸ ਵਿਸ਼ਾਣੂ ਰੋਗ ਨਾਲ ਪੱਤੇ ਥੱਲੇ ਨੂੰ ਮੁੜ ਜਾਂਦੇ ਹਨ। ਨਾੜੀਆਂ ਫੁੱਲ ਜਾਂਦੀਆਂ ਹਨ। ਪੌਦੇ ਝਾੜੀਆਂ ਵਾਂਗ ਬਣ ਜਾਂਦੇ ਹਨ। ਫੁੱਲ ਅਤੇ ਫਲ ਨਹੀਂ ਲੱਗਦਾ। ਇਹ ਬਿਮਾਰੀ ਚਿੱਟੀ ਮੱਖੀ ਰਾਂਹੀ ਫੈਲਦੀ ਹੈ। ਰੋਗੀ ਪੌਦੇ ਪਹਿਲੀ ਨਿਸ਼ਾਨੀ ਦਿਸਦਿਆਂ ਹੀ ਪੁੱਟ ਕੇ ਨਸ਼ਟ ਕਰ ਦਿਓ। ਪੌਦਿਆਂ ਨੂੰ ਨਰਸਰੀ ਅਤੇ ਖੇਤ ਵਿਚ ਚਿੱਟੀ ਮੱਖੀ ਤੋਂ ਬਚਾਉਣ ਲਈ 400 ਮਿਲੀਲਿਟਰ ਮੈਲਾਥੀਆਨ 50% ਤਾਕਤ ਪ੍ਰਤੀ ਏਕੜ ਦੇ ਹਿਸਾਬ ਨਾਲ 125 ਲਿਟਰ ਪਾਣੀ ਵਿਚ ਘੋਲ ਕੇ 15-20 ਦਿਨ ਦੇ ਵਕਫ਼ੇ ਤੇ ਛਿੜਕਾਓ।
- ਚਿਤਕਬਰਾ ਰੋਗ: ਪੱਤਿਆਂ ਉੱਤੇ ਗੂੜ੍ਹੇ ਤੇ ਹਲਕੇ ਹਰੇ ਰੰਗ ਦੇ ਚਟਾਖ ਪੈ ਜਾਂਦੇ ਹਨ। ਪੱਤੇ ਛੋਟੇ ਬੇਢੰਗੇ ਹੋ ਜਾਂਦੇ ਹਨ। ਬਾਅਦ ਵਿਚ ਪੀਲੇ ਹੋ ਜਾਂਦੇ ਹਨ। ਇਹ ਰੋਗ ਤੇਲੇ ਰਾਹੀਂ ਫੈਲਦਾ ਹੈ। ਰੋਗੀ ਪੌਦਿਆਂ ਨੂੰ ਪੁੱਟ ਕੇ ਨਸ਼ਟ ਕਰੋ। ਬੀਜ ਰੋਗ ਰਹਿਤ ਪੌਦਿਆਂ ਤੋਂ ਹੀ ਲਓ। ਪੌਦਿਆਂ ਨੂੰ ਘੱਟ ਤੋਂ ਘੱਟ ਛੂਹਣਾ ਚਾਹੀਦਾ ਹੈ। ਤੇਲੇ ਦੀ ਰੋਕਥਾਮ ਲਈ ਮੈਲਾਥੀਆਨ ਦਵਾਈ 400 ਮਿਲੀਲਿਟਰ 50% ਤਾਕਤ ਨੂੰ ਪ੍ਰਤੀ ਏਕੜ ਦੇ ਹਿਸਾਬ 100-120 ਲਿਟਰ ਪਾਣੀ ਵਿਚ ਘੋਲ ਕੇ 15-20 ਦਿਨ ਦੇ ਵਕਫ਼ੇ ਤੇ ਛਿੜਕਾਓ।



ਫਲ ਦਾ ਗਾਲਾ



ਵਿਸ਼ਾਣੂ ਰੋਗ

# ਪਿਆਜ ਦਾ ਬੀਜ ਉਤਪਾਦਨ

ਉੱਨਤ ਕਿਸਮਾਂ

1. ਪੰਜਾਬ ਨਰੋਆ: ਇਸ ਦੇ ਪੌਦੇ ਦਰਮਿਆਨੇ ਕੱਦ ਦੇ, ਪੱਤੇ ਗੂੜ੍ਹੇ ਹਰੇ ਰੰਗ ਦੇ, ਗੰਢੇ ਦਰਮਿਆਨੇ ਮੋਟੇ, ਪਤਲੀ ਧੌਣ ਵਾਲੇ ਅਤੇ ਲਾਲ ਹੁੰਦੇ ਹਨ। ਇਹ ਕਿਸਮ 145 ਦਿਨਾਂ ਵਿੱਚ ਪੁਟਾਈ ਲਈ ਤਿਆਰ ਹੋ ਜਾਂਦੀ ਹੈ । ਇਸ ਕਿਸਮ ਦੇ ਗੰਢੇ ਅਤੇ ਬੀਜ ਵਾਲੀ ਫ਼ਸਲ ਨੂੰ ਜਾਮਨੀ ਦਾਗ ਦਾ ਰੋਗ ਬਹੁਤ ਘੱਟ ਲੱਗਦਾ ਹੈ ।ਔਸਤਨ ਝਾੜ 150 ਕੁਇੰਟਲ ਪ੍ਰਤੀ ਏਕੜ ਹੁੰਦਾ ਹੈ




2. ਪੀ ਆਰ ਓ-6: ਇਸ ਦੇ ਪੌਦੇ ਦਰਮਿਆਨੇ ਕੱਦ ਦੇ, ਪੱਤੇ ਹਰੇ ਰੰਗ ਦੇ, ਗੰਢੇ ਗੂੜ੍ਹੇ ਲਾਲ, ਦਰਮਿਆਨੇ ਤੋਂ




ਵੱਡੇ ਆਕਾਰ ਦੇ ਗੋਲ ਹੁੰਦੇ ਹਨ । ਇਹ ਕਿਸਮ ਪਨੀਰੀ ਪੁੱਟ ਕੇ ਖੇਤ ਵਿੱਚ ਲਾਉਣ ਤੋਂ ਬਾਅਦ ਤਿਆਰ ਹੋਣ ਲਈ 120 ਦਿਨ ਲੈਂਦੀ ਹੈ । ਇਸ ਕਿਸਮ ਦੀ ਭੰਡਾਰਨ ਸਮਰਥਾ ਬਹੁਤ ਚੰਗੀ ਹੈ ਅਤੇ ਗੰਢੇ ਵੀ ਘੱਟ ਨਿੱਸਰਦੇ ਹਨ । ਇਸ ਕਿਸਮ ਦਾ ਔਸਤਨ ਝਾੜ 175 ਕੁਇੰਟਲ ਪ੍ਰਤੀ ਏਕੜ ਹੈ ।

ਪਿਆਜ ਦਾ ਬੀਜ ਤਿਆਰ ਕਰਨ ਦੇ ਢੰਗ

(i) ਗੰਡਿਆਂ ਤੋਂ ਬੀਜ ਉਤਪਾਦਨ: ਇਸ ਢੰਗ ਨਾਲ ਬੀਜ ਦੋ ਸਾਲ ਵਿੱਚ ਤਿਆਰ ਹੁੰਦਾ ਹੈ । ਪਹਿਲੇ ਸਾਲ ਗੰਢੇ ਤਿਆਰ ਕੀਤੇ ਜਾਂਦੇ ਹਨ ਅਤੇ ਦੂਸਰੇ ਸਾਲ ਭੰਡਾਰਣ ਕੀਤੇ ਗੰਡਿਆਂ ਤੋਂ ਬੀਜ ਉਤਪਾਦਨ ਕੀਤਾ ਜਾਂਦਾ ਹੈ। ਇਸ ਬੀਜ ਤੋਂ ਅਗਲੇ ਸਾਲ ਬੀਜ ਬਣਾਇਆ ਜਾ ਸਕਦਾ ਹੈ।

(ii) ਬੀਜ ਤੋਂ ਬੀਜ ਉਤਪਾਦਨ: ਇਸ ਢੰਗ ਨਾਲ ਬੀਜ ਇਕ ਸਾਲ ਵਿੱਚ ਤਿਆਰ ਹੋ ਜਾਂਦਾ ਹੈ ਅਤੇ ਗੰਢੇ ਭੰਡਾਰਣ ਕਰਨ ਦੀ ਜਰੂਰਤ ਨਹੀ ਰਹਿੰਦੀ। ਇਹ ਬੀਜ ਕੇਵਲ ਵਪਾਰਿਕ ਪੱਧਰ ਤੇ ਗੰਢੇ ਬਣਾਉਣ ਲਈ ਵਰਤਿਆ ਜਾਂਦਾ ਹੈ।

(i) ਗੰਡਿਆਂ ਤੋਂ ਬੀਜ ਉਤਪਾਦਨ:

**ਪਹਿਲਾ ਸਾਲ (ਬੀਜ ਤੋਂ ਗੰਡੇ ਤਿਆਰ ਕਰਨਾ)**: ਨਿਰਧਾਰਿਤ ਕਿਸਮ ਦਾ ਬੀਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਜਾਂ ਰਜਿਸਟਰਡ ਬੀਜ ਉਤਪਾਦਕ ਤੋਂ ਲਵੋ।

**ਬੀਜ ਦੀ ਮਾਤਰਾ**: 5 ਕਿੱਲੋ ਪ੍ਰਤੀ ਏਕੜ।

**ਬਿਜਾਈ ਦਾ ਸਮਾਂ, ਢੰਗ ਤੇ ਪਨੀਰੀ ਲਾਉਣ ਦਾ ਸਮਾਂ:** ਪਨੀਰੀ ਲਈ ਬਿਜਾਈ ਅਕਤੂਬਰ ਦੇ ਆਖਰੀ ਹਫਤੇ ਤੋਂ ਅੱਧ ਨਵੰਬਰ ਤੱਕ ਕਰੋ। ਇਕ ਏਕੜ ਦੀ ਪਨੀਰੀ ਲਈ 8 ਮਰਲੇ ਥਾਂ ਤੇ 15-20 ਸੈਂਟੀਮੀਟਰ ਉੱਚੀਆਂ ਕਿਆਰੀਆਂ ਤਿਆਰ ਕਰੋ। ਬੀਜ ਨੂੰ 1-2 ਸੈਂਟੀਮੀਟਰ ਡੂੰਘਾ ਅਤੇ 5 ਸੈਂਟੀਮੀਟਰ ਦੀ ਵਿੱਥ ਤੇ ਕਤਾਰਾਂ ਵਿੱਚ ਬੀਜੋ। ਬੀਜ ਨੂੰ 3 ਗ੍ਰਾਮ ਕੈਪਟਾਨ ਪ੍ਰਤੀ ਕਿੱਲੋ ਨਾਲ ਸੋਧ ਕੇ ਬੀਜੋ। 55-60 ਦਿਨ ਦੀ ਪਨੀਰੀ ਖੇਤ ਵਿੱਚ ਦਸੰਬਰ ਦੇ ਅਖੀਰਲੇ ਹਫਤੇ ਤੋਂ ਜਨਵਰੀ ਦੇ ਪਹਿਲੇ ਪੰਦਰਵਾੜੇ ਵਿੱਚ ਕਤਾਰ ਤੋਂ ਕਤਾਰ 15 ਸੈਂਟੀਮੀਟਰ ਅਤੇ ਬੂਟੇ ਤੋਂ ਬੂਟਾ 7.5 ਸੈਂਟੀਮੀਟਰ ਤੇ ਲਗਾਓ।

**ਖਾਦਾਂ:** ਇਕ ਏਕੜ ਲਈ 20 ਟਨ ਗਲੀ ਸੜੀ ਰੂੜੀ, 40 ਕਿੱਲੋ ਨਾਈਟਰੋਜਨ (90 ਕਿੱਲੋ ਯੂਰੀਆ), 20 ਕਿੱਲੋ ਫਾਸਫੋਰਸ (125 ਕਿੱਲੋ ਸੁਪਰਫਾਸਫੇਟ) ਅਤੇ 20 ਕਿੱਲੋ ਪੋਟਾਸ਼ (35 ਕਿੱਲੋ ਮਿਊਰੇਟ ਆਫ ਪੋਟਾਸ਼) ਦੀ ਲੋੜ ਹੈ। ਸਾਰੀ ਰੂੜੀ ਦੀ ਖਾਦ, ਫਾਸਫੋਰਸ, ਪੋਟਾਸ਼ ਅਤੇ ਅੱਧੀ ਨਾਈਟਰੋਜਨ ਪਨੀਰੀ ਲਗਾਉਣ ਤੋਂ ਪਹਿਲਾਂ ਅਤੇ ਫਿਰ ਅੱਧੀ ਬਚਦੀ ਨਾਈਟ੍ਰੋਜਨ 4-6 ਹਫਤਿਆਂ ਬਾਅਦ ਛੱਟਾ ਦੇ ਕੇ ਪਾ ਦਿਉ।

**ਨਦੀਨਾਂ ਦੀ ਰੋਕਥਾਮ:** ਸਟੌਂਪ 30 ਈ ਸੀ 750 ਮਿਲੀਲਿਟਰ 200 ਲਿਟਰ ਪਾਣੀ ਵਿੱਚ ਘੋਲ ਕੇ ਪਨੀਰੀ ਲਾਉਣ ਤੋਂ ਇਕ ਹਫਤੇ ਦੇ ਅੰਦਰ ਛਿੜਕੋ। ਜੇ ਲੋੜ ਪਵੇ ਤਾਂ 60 ਦਿਨਾਂ ਬਾਅਦ ਇਕ ਗੋਡੀ ਕਰੋ। ਇਸ ਤੋਂ ਇਲਾਵਾ ਗੋਲ 23.5 ਈ ਸੀ 350 ਮਿਲੀਲਿਟਰ 200 ਲਿਟਰ ਪਾਣੀ ਵਿੱਚ ਘੋਲ ਕੇ ਪਨੀਰੀ ਲਾਉਣ ਤੋਂ ਇਕ ਹਫਤੇ ਦੇ ਅੰਦਰ ਛਿੜਕਾਅ ਕਰਨ ਅਤੇ 90-100 ਦਿਨਾ ਬਾਅਦ ਇਕ ਗੋਡੀ ਕਰਨ ਨਾਲ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

**ਸਿੰਚਾਈ:** ਪਨੀਰੀ ਲਾਉਣ ਤੋਂ ਤੁਰੰਤ ਬਾਅਦ ਪਾਣੀ ਦਿਓ ਤਾਂ ਜੋ ਬੂਟੇ ਜੜ੍ਹਾਂ ਪਕੜ ਲੈਣ। ਅਗਲਾ ਪਾਣੀ 7-10 ਦਿਨਾਂ ਬਾਅਦ ਲਗਾਓ। ਪੁਟਾਈ ਤੋਂ ਘੱਟੋ ਘੱਟ 15 ਦਿਨ ਪਹਿਲਾਂ ਪਾਣੀ ਬੰਦ ਕਰ ਦਿਓ।

**ਪਿਆਜ ਪਕਾਉਣਾ ਤੇ ਭੰਡਾਰ ਕਰਨਾ:** ਜਦੋਂ ਭੂਕਾਂ ਸੁੱਕ ਕੇ ਡਿਗ ਜਾਣ ਤਾਂ ਪਿਆਜ ਪੁੱਟ ਲਓ। ਪੁਟਾਈ ਕਰਨ ਤੋਂ 3-4 ਦਿਨ ਤਕ ਛਾਂ ਵਿੱਚ ਪਤਲੀਆਂ ਤੈਹਾਂ ਵਿੱਚ ਖਿਲਾਰ ਕੇ ਪਿਆਜ ਨੂੰ ਪੱਕਣ ਦਿਓ। ਫਿਰ 1-2 ਸੈਂਟੀਮੀਟਰ ਭੂਕਾਂ ਰੱਖ ਕੇ ਕੱਟ ਦਿਓ। ਭੰਡਾਰ ਵਿਚ ਹਰ 15 ਦਿਨਾਂ ਬਾਅਦ ਪਿਆਜ ਨੂੰ ਹਿਲਾਉਂਦੇ ਰਹੋ ਅਤੇ ਗਲੇ ਹੋਏ ਪਿਆਜ ਦੀ ਛਾਂਟੀ ਕਰਦੇ ਰਹੋ।

**ਦੂਸਰਾ ਸਾਲ (ਗੰਢਿਆਂ ਤੋਂ ਬੀਜ ਤਿਆਰ ਕਰਨਾ):** ਪਿਆਜ ਦਾ ਬੀਜ ਇਕ ਸਾਲ ਪਹਿਲਾਂ ਤਿਆਰ ਕੀਤੇ ਗੰਢਿਆਂ ਤੋਂ ਕੀਤਾ ਜਾਂਦਾ ਹੈ। ਇਕ ਏਕੜ ਬੀਜ ਪੈਦਾ ਕਰਨ ਲਈ ਚੰਗੀ ਤਰ੍ਹਾਂ ਛਾਂਟੇ ਗਏ 8 ਕੁਇੰਟਲ ਬਿਮਾਰੀ ਰਹਿਤ ਗੰਢੇ (2.5-3.0 ਸੈਂਟੀਮੀਟਰ ਵਿਆਸ) ਵਰਤੋ। ਦੋਹਰੇ ਅਤੇ ਲੰਬੀ ਧੌਣ ਵਾਲੇ ਪਿਆਜ ਨਾ ਲਗਾਓ।

**ਬਿਜਾਈ ਦਾ ਸਮਾਂ:** ਬਿਜਾਈ ਨਵੰਬਰ ਦੇ ਪਹਿਲੇ ਪੰਦਰਵਾੜੇ ਵਿੱਚ ਕਤਾਰ ਤੋਂ ਕਤਾਰ ਦਾ ਫਾਸਲਾ 60 ਸੈਂਟੀਮੀਟਰ ਅਤੇ ਬੂਟਿਆਂ ਦਾ 45 ਸੈਂਟੀਮੀਟਰ ਰੱਖ ਕੇ ਕਰੋ।

ਫਸਲ ਦੀ ਕਟਾਈ: ਪਿਆਜ ਨੂੰ ਫੁੱਲ ਮਾਰਚ ਦੇ ਪਹਿਲੇ ਹਫਤੇ ਆਉਣੇ ਸ਼ੁਰੂ ਹੁੰਦੇ ਹਨ। ਸਾਰੇ ਫੁੱਲ ਇਕ ਸਮੇਂ ਨਹੀਂ ਪੱਕਦੇ। ਇਸ ਕਰਕੇ ਜਦੋਂ ਬੀਜ ਕਾਲਾ ਹੋ ਜਾਵੇ ਤਾਂ 2-3 ਵਾਰੀਆਂ ਵਿੱਚ ਕੱਟ ਕੇ ਕੱਢ ਲਉ ਅਤੇ ਸੁਕਾਉਣ ਉਪਰੰਤ ਘੱਟ ਤਾਪਮਾਨ ਅਤੇ ਨਮੀਂ ਤੇ ਸਟੋਰ ਕਰੋ।

ਤੀਸਰਾ ਨਿਰੀਖਣ ਨਿਸਰਣ ਤੇ ਕਰੋ ਅਤੇ ਜਿਆਦਾ ਅਗੇਤੇ ਅਤੇ ਪਿਛੇਤੇ ਫੁੱਲ ਕੱਢਣ ਵਾਲੇ ਬੂਟਿਆਂ ਨੂੰ ਕੱਢ ਦਿਉ। ਚੌਥਾ ਨਿਰੀਖਣ ਬੀਜ ਪੱਕਣ ਵੇਲੇ ਕਰੋ ਅਤੇ ਗੈਰ ਬੂਟੇ ਕੱਢ ਦਿਉ।

ਖੇਤ ਦੇ ਮਾਪਦੰਡ

ੳ) ਆਮ ਜ਼ਰੂਰਤਾ

**ਖੇਤ ਦੀ ਦੂਰੀ**

| ਅਵਗੁਣ (ਦਾਗੇ ਗਏ) | ਘੱਟੋ-ਘੱਟ ਦੂਰੀ (ਮੀਟਰ) | | | |
|---|---|---|---|---|
| | ਬੀਜ ਤੋਂ ਪਿਆਜ ਬਣਾਉਣ ਵੇਲੇ | | ਪਿਆਜ ਤੋਂ ਬੀਜ ਬਣਾਉਣ ਵੇਲੇ | |
| | ਫਾਊਡੇਸ਼ਨ | ਸਰਟੀਫਾਈਡ | ਫਾਊਡੇਸ਼ਨ | ਸਰਟੀਫਾਈਡ |
| ਪਿਆਜ ਦੀਆਂ ਦੂਸਰੀਆਂ ਕਿਸਮਾਂ | 5 | 5 | 1000 | 500 |
| ਪਿਆਜ ਦੀਆਂ ਉਹੀ ਕਿਸਮਾਂ ਪਰ ਉਹ ਬੀਜ ਦੀ ਸ਼ੁਧਤਾ ਦੀ ਕਸੌਟੀ ਤੇ ਖਰਾ ਨਾ ਉਤਰਦਾ ਹੋਵੇ | 5 | 5 | 1000 | 500 |

ਨਿਰੀਖਣ

(i) ਬੀਜ ਤੋਂ ਗੰਢੇ ਬਣਾਉਣ ਦੌਰਾਨ ਦੋ ਨਿਰੀਖਣ ਕਰਨੇ ਚਾਹੀਦੇ ਹਨ। ਪਹਿਲਾ ਨਿਰੀਖਣ ਪਤਰਾਲ ਬਣਨ ਤੇ ਕਰਨਾ ਚਾਹੀਦਾ ਹੈ। ਇਸ ਦੌਰਾਨ ਅਣਚਾਹੇ ਪੌਦੇ ਤੇ ਨਿਸਾਰੂ ਪੌਦੇ ਪੁਟ ਦਿਓ। ਦੂਸਰਾ ਨਿਰੀਖਣ ਪਿਆਜ ਦੀ ਪੁਟਾਈ ਵੇਲੇ ਕਰੋ। ਇਸ ਅਵਸਥਾ ਤੇ ਪਿਆਜ ਨੂੰ ਰੰਗ ਅਤੇ ਆਕਾਰ ਅਨੁਸਾਰ ਛਾਂਟ ਲਓ ਅਤੇ ਭੰਡਾਰਨ ਕਰੋ।

(ii) ਗੰਢਿਆਂ ਤੋਂ ਬੀਜ ਤਿਆਰ ਕਰਨਾ ਦੌਰਾਨ ਪਹਿਲਾ ਨਿਰੀਖਣ ਫੁੱਲ ਆਉਣ ਤੋਂ ਪਹਿਲਾਂ ਕਰੋ। ਇਸ ਦੌਰਾਨ ਬੀਜ ਉਤਪਾਦਨ ਵਾਲੇ ਬਲਾਕ ਦੀ ਦੂਰੀ ਅਤੇ ਅਗੇਤੇ ਫੁੱਲ ਕੱਢਣ ਵਾਲੇ ਬੂਟਿਆਂ ਨੂੰ ਕੱਢਣਾ ਨਿਸ਼ਚਿਤ ਕਰੋ। ਦੂਸਰਾ ਅਤੇ

ਅ) ਖਾਸ ਜ਼ਰੂਰਤਾਂ

| ਤੱਤ | *ਵੱਧ ਤੋਂ ਵੱਧ ਮੌਜੂਦਗੀ (%) | |
|---|---|---|
| | ਫਾਊਡੇਸ਼ਨ | ਸਰਟੀਫਾਈਡ |
| ਅਣਚਾਹੇ ਪੌਦੇ* | 0.10 | 0.20 |
| ਪਿਆਜ ਜੋ ਸ਼ੁਧਤਾ ਦੀ ਕਸੌਟੀ ਤੇ ਖਰਾ ਨਾ ਉਤਰਦਾ ਹੋਵੇ** | 0.10 | 0.20 |

* ਬੀਮਾਰੀ ਵਾਲੇ ਬੂਟੇ ਫੁੱਲ ਆਉਣ ਤੇ ਅਤੇ ਬੀਜ ਪੱਕਣ ਸਮੇਂ ਇਸ ਹੱਦ ਤੋਂ ਵੱਧ ਨਹੀਂ ਹੋਣੇ ਚਾਹੀਦੇ।

** ਪਿਆਜ ਦੀ ਪੁਟਾਈ ਸਮੇਂ ਇਸ ਹੱਦ ਤੋਂ ਵੱਧ ਨਹੀਂ ਹੋਣੇ ਚਾਹੀਦੇ।

(ii) ਬੀਜ ਤੋਂ ਬੀਜ ਤਿਆਰ ਕਰਨਾ: ਨਿਰਧਾਰਿਤ ਕਿਸਮ ਦਾ ਬੀਜ ਜੋ ਕਿ ਗੰਢਿਆਂ ਤੋਂ ਬੀਜ ਬਣਾ ਕੇ ਤਿਆਰ ਕੀਤਾ

### ਬੀਜ ਦੇ ਮਾਪਦੰਡ

| ਗੁਣ/ਤੱਤ | ਸਰਟੀਫਾਈਡ ਬੀਜ ਦੇ ਮਾਪਦੰਡ | |
|---|---|---|
| | ਫਾਊਡੇਸ਼ਨ | ਸਰਟੀਫਾਈਡ |
| ਸ਼ੁੱਧ ਬੀਜ (ਘੱਟ ਤੋਂ ਘੱਟ) | 98.0 | 98.0 |
| ਫੂਸ ਅਤੇ ਮਿੱਟੀ ਘੱਟਾ (ਵੱਧ ਤੋਂ ਵੱਧ) | 2.0 | 2.0 |
| ਕਿਸੇ ਹੋਰ ਕਿਸਮ ਦੇ ਬੀਜ (ਵੱਧ ਤੋਂ ਵੱਧ) | 5.0/ ਕਿਲੋ | 10.0/ਕਿੱਲੋ |
| ਨਦੀਨਾਂ ਦੇ ਬੀਜ (ਵੱਧ ਤੋਂ ਵੱਧ) | 5.0/ ਕਿੱਲੋ | 10.0/ਕਿੱਲੋ |
| ਉਗਣ ਸ਼ਕਤੀ (ਘੱਟ ਤੋਂ ਘੱਟ) | 70% | 70% |
| ਬੀਜ ਵਿੱਚ ਨਮੀ (ਵੱਧ ਤੋਂ ਵੱਧ) | 8% | 8% |
| ਸਲਾਬ ਬੰਦ ਡੱਬਿਆਂ ਵਾਸਤੇ ਬੀਜ ਵਿਚ ਨਮੀ (ਵੱਧ ਤੋਂ ਵੱਧ) | 6% | 6% |

ਗਿਆ ਹੋਵੇ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਜਾਂ ਰਜਿਸਟਰਡ ਬੀਜ ਉਤਪਾਦਕ ਤੋਂ ਲਵੋ।

ਬੀਜ ਦੀ ਮਾਤਰਾ: 5 ਕਿੱਲੋ ਪ੍ਰਤੀ ਏਕੜ।

ਬਿਜਾਈ ਦਾ ਸਮਾਂ ਤੇ ਪਨੀਰੀ ਲਾਉਣ ਦਾ ਸਮਾਂ: ਪਨੀਰੀ ਦੀ ਬਿਜਾਈ ਅਗਸਤ ਦੇ ਆਖਰੀ ਹਫਤੇ ਤੋਂ ਸਤੰਬਰ ਦੇ ਪਹਿਲੇ ਹਫਤੇ ਤੱਕ ਕਰੋ। ਪਨੀਰੀ ਅਕਤੂਬਰ ਦੇ ਅਖੀਰਲੇ ਹਫਤੇ ਤੋਂ ਨਵੰਬਰ ਦੇ ਪਹਿਲੇ ਹਫਤੇ ਤੱਕ ਕਰੋ। 55-60 ਦਿਨ ਦੀ ਪਨੀਰੀ ਖੇਤ ਵਿੱਚ ਲਗਾਉਣ ਲਈ ਢੁਕਵੀਂ ਹੈ।

ਕਾਸ਼ਤਕਾਰੀ ਤਕਨੀਕਾਂ ਜਿਵੇਂ ਕਿ ਬੀਜ ਦੀ ਸੋਧ, ਪਨੀਰੀ ਤਿਆਰ ਕਰਨ ਦਾ ਤਰੀਕਾ, ਫਾਸਲਾ, ਖਾਦਾਂ ਨਦੀਨਾਂ ਦੀ ਰੋਕਥਾਮ, ਸਿੰਚਾਈ ਆਦਿ ਉਹੀ ਹਨ ਜੋ ਪਿਆਜ ਤਿਆਰ ਕਰਨ ਲਈ ਦੱਸੀਆਂ ਗਈਆਂ ਹਨ।

ਫਸਲ ਨੂੰ ਮਾਰਚ ਮਹੀਨੇ ਵਿੱਚ ਫੁਲ ਆਉਣੇ ਸ਼ੁਰੂ ਹੋ ਜਾਂਦੇ ਹਨ। ਜਿਆਦਾ ਅਗੇਤੇ ਅਤੇ ਪਿਛੇਤੇ ਫੁਲ ਕੱਢਣ ਵਾਲੇ ਬੂਟਿਆਂ ਨੂੰ ਕੱਢ ਦਿਉ। ਸਾਰੇ ਫੁਲ ਇਕ ਸਮੇਂ ਨਹੀਂ ਪੱਕਦੇ। ਇਸ ਕਰਕੇ ਜਦੋਂ ਬੀਜ ਕਾਲਾ ਹੋ ਜਾਵੇ ਤਾਂ 2-3 ਵਾਰੀਆਂ ਵਿੱਚ ਕੱਟ ਕੇ ਕੱਢ ਲਉ। ਇਸ ਤਰੀਕੇ ਨਾਲ ਇਕ ਸਾਲ ਵਿਚ ਬੀਜ ਤਿਆਰ ਹੋ ਜਾਂਦਾ ਹੈ। ਯਾਦ ਰਹੇ ਕਿ ਇਸ ਤਰੀਕੇ ਨਾਲ ਤਿਆਰ ਕੀਤੇ ਬੀਜ ਦੇ ਖੇਤ ਦੇ ਅਤੇ ਬੀਜ ਦੇ ਮਾਪਦੰਡ ਸਰਟੀਫਾਈਡ ਬੀਜ ਵਾਲੇ ਹੋਣਗੇ।

### ਜਾਮਨੀ ਧੱਬਿਆਂ ਦਾ ਰੋਗ

ਇਹ ਉੱਲੀ ਰੋਗ ਪੱਤਿਆਂ ਅਤੇ ਫੁੱਲਾਂ ਵਾਲੀਆਂ ਟਹਿਣੀਆਂ ਤੇ ਜਾਮਨੀ ਧੱਬੇ ਪਾਉਂਦਾ ਹੈ ਅਤੇ ਬੂਟੇ ਸੁੱਕ ਜਾਂਦੇ ਹਨ। ਇਸ ਦੀ ਰੋਕਥਾਮ ਲਈ 600 ਗ੍ਰਾਮ ਇੰਡੋਫਿਲ ਐਮ-45+200 ਮਿ.ਲੀ. ਟ੍ਰਾਈਟੋਨ ਜਾਂ ਅਲਸੀ ਦਾ ਤੇਲ 200 ਲੀਟਰ ਪਾਣੀ ਵਿੱਚ ਘੋਲ ਕੇ 10 ਦਿਨਾਂ ਦੇ ਫਰਕ ਤੇ 3 ਛਿੜਕਾਅ ਕਰੋ।



## ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਬੀਜ ਫਾਰਮ

| ਬੀਜ ਫਾਰਮ | ਫੋਨ ਨੰਬਰ | ਈ-ਮੇਲ |
|---|---|---|
| ਲਾਢੋਵਾਲ | - | director-ladhowal@pau.edu |
| ਫਰੀਦਕੋਟ | - | director-farmfaridkot@pau.edu |
| ਕਪੂਰਥਲਾ | - | director-kapurthala@pau.edu |
| ਨਾਭਾ | - | director-nabha@pau.edu |
| ਨਰਾਇਣਗੜ੍ਹ | 01765-230126 | director-naraingarh@pau.edu |

## ਕ੍ਰਿਸ਼ੀ ਵਿਗਿਆਨ ਕੇਂਦਰ

| ਜਿਲਾ | ਫੋਨ ਨੰਬਰ | ਈ-ਮੇਲ |
|---|---|---|
| ਬਠਿੰਡਾ | 0164-2215619 | kvkbtd@pau.edu |
| ਹੁਸ਼ਿਆਰਪੁਰ | 01884-243647 | kvkhoshiarpur@pau.edu |
| ਗੁਰਦਾਸਪੁਰ | 01874-220743 | kvkgurdaspur@pau.edu |
| ਫਿਰੋਜ਼ਪੁਰ | 01632-246517 | kvkferozepur@pau.edu |
| ਕਪੂਰਥਲਾ | 01822-233056 | kvkkapurthala@pau.edu |
| ਐਸ.ਬੀ.ਐਸ. ਨਗਰ | 01823-250652 | kvklangroya@pau.edu |
| ਪਟਿਆਲਾ | 0175-2225473 | kvkpatiala@pau.edu |
| ਫ਼ਰੀਦਕੋਟ | 01639-253142 | kvkfaridkot@pau.edu |
| ਸੰਗਰੂਰ | 01672-245320 | kvk-sangrur@pau.edu |
| ਮਾਨਸਾ | 0161-2215619 | kvkmansa@pau.edu |
| ਰੋਪੜ | 01881-220460 | kvkropar@pau.edu |
| ਮੋਗਾ | 01636-210495 | kvkmoga@pau.edu |
| ਫ਼ਤਹਿਗੜ੍ਹ ਸਾਹਿਬ | 01763-221217 | kvkfatehgarh@pau.edu |
| ਮੁਕਤਸਰ | 01633-210046 | kvkmuktsar@pau.edu |
| ਸਮਰਾਲਾ | 01628-261597 | kvksamrala@pau.edu |
| ਅੰਮ੍ਰਿਤਸਰ | 0183-2505672 | kvkamritsar@pau.edu |
| ਜਲੰਧਰ | 01826-292053 | kvkjalandhar@pau.edu |

## ਫਾਰਮ ਸਲਾਹਕਾਰ ਸੇਵਾ ਕੇਂਦਰ

| ਜਿਲਾ | ਫੋਨ ਨੰਬਰ | ਈ-ਮੇਲ |
|---|---|---|
| ਅੰਮ੍ਰਿਤਸਰ | 0183-2501989 | fassamritsar@pau.edu |
| ਬਠਿੰਡਾ | 0164-2212684 | fassbathinda@pau.edu |
| ਫ਼ਰੀਦਕੋਟ | 01639-2250143 | fassfaridkot@pau.edu |
| ਚੰਡੀਗੜ੍ਹ | 0172-2775348 | fasschandigarh@pau.edu |
| ਫਿਰੋਜ਼ਪੁਰ | 01632-242136 | fassfzr@pau.edu |
| ਹੁਸ਼ਿਆਰਪੁਰ | 01882-222392 | fasshoshiarpur@pau.edu |
| ਗੁਰਦਾਸਪੁਰ | 01874-220828 | fassgurdaspur@pau.edu |
| ਰੋਪੜ | 01881-222257 | fassropar@pau.edu |
| ਕਪੂਰਥਲਾ | 01822-232543 | fasskapurthala@pau.edu |
| ਪਟਿਆਲਾ | 0175-2200646 | fasspatiala@pau.edu |
| ਸੰਗਰੂਰ | 01672-234298 | fasssangrur@pau.edu |
| ਜਲੰਧਰ | 0181-2225768 | fassjalandhar@pau.edu |
| ਐਸ.ਏ.ਐਸ. ਨਗਰ | 0172-2216162 | - |
| ਫਾਜ਼ਿਲਕਾ | 01634-225326 | fass-fazilka@pau.edu |

## ਖੇਤਰੀ ਕੇਂਦਰ

| ਬੀਜ ਫਾਰਮ | ਫੋਨ ਨੰਬਰ | ਈ-ਮੇਲ |
|---|---|---|
| ਬਠਿੰਡਾ | 0164-2121159 | director-ladhowal@pau.edu |
| ਫਰੀਦਕੋਟ | 01639-251244 | director-farmfaridkot@pau.edu |
| ਗੁਰਦਾਸਪੁਰ | 01874-220825 | director-farmfaridkot@pau.edu |
| ਕਪੂਰਥਲਾ | 01822-265094 | director-kapurthala@pau.edu |